# ਜਾਣ-ਪਛਾਣ

ਗਿਣਤੀ ਦੀ ਪੁਸਤਕ ਪਵਿੱਤਰ ਵਚਨ ਵਿਚ ਪਾਈਆਂ ਜਾਣ ਵਾਲੀਆਂ ਕੁਝ ਸਭ ਤੋਂ ਪ੍ਰਸਿੱਧ ਕਹਾਣੀਆਂ ਦੇ ਲਈ ਇਕ ਘਰ ਦੇ ਵਾਂਗ ਘਰ ਹੈ। ਉਨ੍ਹਾਂ ਵਿੱਚੋਂ ਪੰਜ ਕਹਾਣੀਆਂ ਹਨ ਕਨਾਨ ਵਿਚ ਖੋਜ ਕੱਢਣ ਵਾਲਿਆਂ ਦਾ ਜਾਣਾ (ਅਧਿਆਇ 13), ਬਗਾਵਤ ਅਤੇ ਕੋਰਹ ਦੀ ਮੌਤ (ਅਧਿਆਇ 16), ਲਗਭਗ ਚਾਲੀ ਸਾਲ ਇਸਰਾਏਲੀਆਂ ਦਾ ਉਜਾੜ ਵਿਚ ਭਟਕਣਾ (ਅਧਿਆਇ 14-21), ਪਿੱਤਲ ਦਾ ਸੱਪ (ਅਧਿਆਇ 21) ਇਕ ਗਧੀ ਦੁਆਰਾ ਬਿਲਆਮ ਦੇ ਮਨ ਦਾ ਬਦਲਨਾ (ਅਧਿਆਇ 22)। ਇਹ ਵਿਰਤਾਂਤ ਹੋਰ ਵੀ ਜ਼ਿਆਦਾ ਦਿਲਚਸਪ ਹੋ ਜਾਂਦੇ ਹਨ ਜਦੋਂ ਅਸੀਂ ਇਹ ਸਮਝਦੇ ਹਾਂ ਕਿ ਉਹ ਪੰਚਗ੍ਰੰਥ ਦੇ ਵੱਡੇ ਸੰਦਰਭ ਵਿਚ ਕਿਵੇਂ ਢੁੱਕਵੀਆਂ ਹਨ।

## ਸੰਦਰਭ

ਪੰਚਗ੍ਰੰਥ ਦਾ ਇਕ ਅਟੁੱਟ ਹਿੱਸਾ ਹੋਣ ਦੇ ਨਾਤੇ, ਗਿਣਤੀ ਦੀ ਪੁਸਤਕ ਸੀਨਈ ਤੋਂ ਲੈ ਕੇ ਮੋਆਬ ਦੇ ਮਦਾਨ ਤੱਕ ਇਸਰਾਏਲੀਆਂ ਦੇ ਸਫ਼ਰ ਦਾ ਵਰਣਨਾਤਮਕ ਸੰਬੰਧ ਪ੍ਰਦਾਨ ਕਰਦੀ ਹੈ। ਇਹ ਕੌਮ ਦੇ ਵਿਵਸਥਾ ਨੂੰ ਪ੍ਰਾਪਤ ਕਰਨ ਅਤੇ ਇਸ ਦੇ ਕਨਾਨ ਨੂੰ ਆਪਣੇ ਅਧਿਕਾਰ ਵਿਚ ਲੈਣ ਵਿਚਕਾਰ ਇਕ ਪੁਲ ਬਣਾਉਂਦੀ ਹੈ।

ਉਤਪਤ ਦੀ ਪੁਸਤਕ, ਮਨੁੱਖਜਾਤੀ ਦੇ ਮੁਢਲੇ ਇਤਹਾਸ ਦਾ ਵਰਣਨ ਕਰਨ ਤੋਂ ਬਾਅਦ, ਇਹ ਵਰਣਨ ਕਰਦੀ ਹੈ ਕਿ ਪਰਮੇਸ਼ੁਰ ਨੇ ਅਬਰਾਹਾਮ ਨੂੰ ਸੱਦਿਆ, ਉਸ ਸਮੇਂ ਦਾ ਸਰਵੇਖਣ ਕਰਦੀ ਹੈ ਜਦੋਂ ਪਰਮੇਸ਼ੁਰ ਨੇ ਪੁਰਖਿਆਂ ਨੂੰ ਆਪਣੇ ਵਾਅਦੇ ਦਿੱਤੇ ਸਨ ਅਤੇ ਯਾਕੂਬ (ਜਾਂ "ਇਸਰਾਏਲ") ਅਤੇ ਉਸ ਦੇ ਪਰਿਵਾਰ ਦੇ ਮਿਸਰ ਵਿਚ ਜਾਣ ਦੇ ਨਾਲ ਖਤਮ ਹੁੰਦੀ ਹੈ।

ਜਿਵੇਂ ਹੀ ਕੂਚ ਦੀ ਪੁਸਤਕ ਖੁੱਲ੍ਹਦੀ ਹੈ, ਇਸਰਾਏਲੀ ਲੋਕ ਮਿਸਰ ਦੀ ਗੁਲਾਮੀ ਵਿਚ ਸਨ। ਕਹਾਣੀ ਬੜੇ ਹੀ ਨਾਟਕੀ ਢੰਗ ਨਾਲ ਅੱਗੇ ਵੱਧਦੀ ਹੈ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਮਿਸਰ ਦੇ ਵਿੱਚੋਂ ਕੱਢਿਆ ਅਤੇ ਉਨ੍ਹਾਂ ਨੂੰ ਸੀਨਈ ਪਹਾੜ ਦੇ ਕੋਲ ਲੈ ਕੇ ਆਇਆ, ਜਿੱਥੇ ਉਸ ਨੇ ਉਨ੍ਹਾਂ ਦੇ ਨਾਲ ਇਕ ਨੇਮ ਬੰਨ੍ਹਿਆ ਸੀ। ਉੱਥੋਂ ਅੱਗੇ ਕਹਾਣੀ ਨੂੰ ਜਾਰੀ ਰੱਖਦਿਆਂ, ਕੂਚ ਦੀ ਪੁਸਤਕ ਦੱਸਦੀ ਹੈ ਕਿ ਪਰਮੇਸ਼ੁਰ ਨੇ ਆਪਣੀ ਪਰਜਾ ਨੂੰ ਆਪਣੀ ਵਿਵਸਥਾ ਦਿੱਤੀ ਅਤੇ ਉਨ੍ਹਾਂ ਨੂੰ ਡੇਹਰਾ ਬਣਾਉਣ ਦੀ ਹਦਾਇਤ ਦਿੱਤੀ। ਜਦੋਂ ਅਸੀਂ ਕੂਚ ਦੀ ਪੁਸਤਕ ਦੇ ਅੰਤ ਵਿਚ ਪਹੁੰਚਦੇ ਹਾਂ, ਡੇਹਰੇ ਨੂੰ ਖੜਾ ਕਰ ਦਿੱਤਾ ਗਿਆ ਸੀ ਅਤੇ ਇਸ ਨੂੰ ਇਸਰਾਏਲੀਆਂ ਦੇ ਲਈ ਪਰਮੇਸ਼ੁਰ ਦੀ ਅਰਾਧਨਾ ਕਰਨ ਵਾਲੇ ਸਥਾਨ ਦੇ ਰੂਪ ਵਿਚ ਨਿਯੁਕਤ ਕਰ ਦਿੱਤਾ ਗਿਆ ਸੀ। ਲੇਵੀਆਂ ਦੀ ਪੁਸਤਕ ਵਿਚ ਬਹੁਤ ਸਾਰੀਆਂ ਬਿਧੀਆਂ ਲਿਖੀਆਂ ਗਈਆਂ ਹਨ - ਖਾਸ ਕਰਕੇ ਰਸਮਾਂ ਅਤੇ ਬਲੀਦਾਨਾਂ ਸੰਬੰਧੀ ਹਦਾਇਤਾਂ - ਜੋ ਪਰਮੇਸ਼ੁਰ ਨੇ ਇਸਰਾਏਲ ਦੀ ਕੌਮ ਨੂੰ ਉਸ ਵਰਹੇ ਦਿੱਤੀਆਂ ਸਨ ਜਦੋਂ ਉਹ ਸੀਨਈ ਵਿਚ ਸਨ।

ਗਿਣਤੀ ਦੀ ਪੁਸਤਕ, ਲੇਵੀਆਂ ਦੀ ਸਮਾਨਤਾ ਵਿਚ, ਇਸਰਾਏਲੀਆਂ ਦੇ ਵਾਅਦੇ ਦੀ ਧਰਤੀ ਦੀ ਹੱਦ ਤੱਕ ਜਾਣ ਦੇ ਵਿਰਤਾਂਤ ਨੂੰ ਅੱਗੇ ਜਾਰੀ ਰੱਖਦੀ ਹੈ। ਇਹ ਸਫ਼ਰ ਉਨ੍ਹਾਂ ਦੇ ਪਾਪ ਨਾਲ ਅਤੇ ਉਜਾੜ ਵਿਚ ਭਟਕਣ ਦੇ ਲਈ ਉਨ੍ਹਾਂ ਦੇ ਦੋਸ਼ੀ ਠਹਿਰਣ ਨਾਲ ਸ਼ੁਰੂ ਹੋਇਆ ਸੀ ਜਦੋਂ ਤੱਕ ਸਾਰੀ ਪੀੜ੍ਹੀ ਮਰ ਨਹੀਂ ਸੀ ਗਈ। ਗਿਣਤੀ ਦੀ ਪੁਸਤਕ ਫਿਰ ਇਹ ਸਮੀਖਿਆ ਕਰਦੀ ਹੈ ਕਿ

ਕਿਵੇਂ ਅਠੱਤੀ ਸਾਲ ਉਜਾੜ ਵਿਚ ਭਟਕਣ ਤੋਂ ਬਾਅਦ, ਇਸਰਾਏਲੀਆਂ ਨੇ ਯਰਦਨ ਦੇ ਚੜ੍ਹਦੇ ਪਾਸੇ ਵਾਲੀ ਧਰਤੀ ਤੇ ਜਿੱਤ ਪਾਈ ਸੀ। ਇਸ ਪੁਸਤਕ ਦੇ ਆਖ਼ਰੀ ਅਧਿਆਇ ਇਹ ਵਰਣਨ ਕਰਦੇ ਹਨ ਕਿ ਕਿਵੇਂ ਇਸਰਾਏਲੀਆਂ ਨੇ ਮੋਆਬ ਦੇ ਮਦਾਨ ਵਿਚ ਡੇਰਾ ਲਾਇਆ ਅਤੇ ਕਨਾਨ ਵਿਚ ਦਾਖ਼ਲ ਹੋਣ ਦੇ ਲਈ ਤਿਆਰ-ਬਰ-ਤਿਆਰ ਸਨ।

ਬਿਵਸਥਾ ਸਾਰ ਦੀ ਪੁਸਤਕ ਵਿਚ ਮੂਸਾ ਦੇ ਚਾਰ ਭਾਸ਼ਣ ਹਨ, ਜਿਨ੍ਹਾਂ ਵਿੱਚੋਂ ਪਹਿਲੇ ਭਾਸ਼ਣ ਵਿਚ ਉਜਾੜ ਵਿਚ ਇਸਰਾਏਲੀਆਂ ਦੇ ਅਨੁਭਵਾਂ ਨੂੰ ਦੁਹਰਾਇਆ ਗਿਆ ਸੀ - ਜੋ ਕਿ ਗਿਣਤੀ ਦੀ ਪੁਸਤਕ ਦੇ ਮੁੱਖ ਵਿਸ਼ਿਆਂ ਵਿੱਚੋਂ ਇਕ ਹੈ। ਮੂਸਾ ਨੇ ਇਸਰਾਏਲੀਆਂ ਦੀ ਨਵੀਂ ਪੀੜ੍ਹੀ ਨੂੰ ਸੰਬੋਧਿਤ ਕੀਤਾ ਅਤੇ ਉਨ੍ਹਾਂ ਨੂੰ ਉਸ ਦੇਸ ਵਿਚ ਦਾਖ਼ਲ ਹੋਣ ਤੋਂ ਬਾਅਦ ਪਰਮੇਸ਼ੁਰ ਦੀ ਉਸ ਬਿਵਸਥਾ ਦਾ ਪਾਲਣ ਕਰਨ ਦੀ ਬੇਨਤੀ ਕੀਤੀ ਸੀ ਜੋ ਪਰਮੇਸ਼ੁਰ ਉਨ੍ਹਾਂ ਨੂੰ ਦੇਣ ਵਾਲਾ ਸੀ।

## ਨਾਮ

ਗਿਣਤੀ ਦੀ ਪੁਸਤਕ ਨੂੰ ਇਸ ਦਾ ਨਾਮ ਸਪਤਤੀ (LXX) ਅਰਥਾਤ ਇਬਰਾਨੀ ਬਾਈਬਲ ਦੇ ਪ੍ਰਾਚੀਨ ਯੂਨਾਨੀ ਅਨੁਵਾਦ ਤੋਂ ਮਿਲਦਾ ਹੈ, ਜਿੱਥੇ ਇਸ ਨੂੰ Ἀριθμοι *(ਅਰਿਥਮੋਈ)* ਕਿਹਾ ਗਿਆ ਹੈ। *ਨੁਮੇਰੀ* ਦੇ ਤੌਰ ਤੇ ਲਾਤੀਨੀ ਵਿਚ ਤੋਂ ਬਾਅਦ, ਇਸ ਦੇ ਸਿਰਲੇਖ ਨੂੰ ਪੰਜਾਬੀ ਵਿਚ "ਗਿਣਤੀ" ਕਿਹਾ ਗਿਆ ਸੀ।[1] ਇਹ ਨਾਮ ਪੁਸਤਕ ਵਿਚ ਦੋ ਗਿਣਤੀਆਂ ਦਾ ਹਵਾਲਾ ਦਿੰਦਾ ਹੈ (1:1-46; 26:1-51)। ਇਬਰਾਨੀ ਸਿਰਲੇਖ, בְּמִדְבַּר *(ਬੀਮਿਡਬਾਰ)*, ਜੋ ਕਿ ਲਿਖਤ ਦੀ ਪਹਿਲੀ ਪੰਗਤੀ ਤੋਂ ਲਿਆ ਗਿਆ ਹੈ, ਉਸ ਦਾ ਅਰਥ ਹੈ "ਉਜਾੜ ਵਿੱਚ।" ਇਹ ਸਿਰਲੇਖ ਪੁਸਤਕ ਦੇ ਵਿਸ਼ਿਆਂ ਨੂੰ ਸੰਖੇਪ ਕਰਦਾ ਹੈ, ਕਿਉਂਕਿ ਇਹ ਲਗਭਗ ਉਹ ਸਭ ਕੁਝ ਦਿੰਦਾ ਹੈ ਜੋ ਅਸੀਂ ਡੇਹਰੇ ਦੇ ਸੰਪੂਰਣ ਹੋਣ ਤੋਂ ਲੈ ਕੇ ਇਸਰਾਏਲੀਆਂ ਦੇ ਕਨਾਨ ਵਿਚ ਦਾਖ਼ਲ ਹੋਣ ਤੱਕ ਉਨ੍ਹਾਂ ਦੇ ਇਤਹਾਸ ਬਾਰੇ ਜਾਣਦੇ ਹਾਂ। ਗਿਣਤੀ ਦੀ ਪੁਸਤਕ ਵਿਚ ਦਿੱਤੀ ਗਈ ਜਾਣਕਾਰੀ ਜ਼ਿਆਦਾਤਰ ਉਹ ਸਮੱਗਰੀ ਪ੍ਰਦਾਨ ਕਰਦੀ ਹੈ ਜੋ ਪਹਿਲੇ ਭਾਸ਼ਣ ਵਿਚ ਵਰਤੀ ਗਈ ਸੀ ਜਿਹੜਾ ਮੂਸਾ ਨੇ ਇਸਰਾਏਲੀਆਂ ਨੂੰ ਦਿੱਤਾ ਸੀ ਜਦੋਂ ਉਸ ਨੇ ਕਨਾਨ ਦੇ ਦੇਸ ਵਿਚ ਦਾਖ਼ਲ ਹੋਣ ਦੇ ਲਈ ਉਨ੍ਹਾਂ ਨੂੰ ਤਿਆਰ ਕੀਤਾ ਸੀ (ਵੇਖੋ ਬਿਵਸਥਾ ਸਾਰ 1-3)।

## ਪੁਸਤਕ ਦਾ ਵਰਗੀਕਰਨ

ਅੰਗ੍ਰਜ਼ੀ ਦੇ ਪੁਰਾਣੇ ਨੇਮ ਵਿਚ, ਇਸ ਪੁਸਤਕ ਦਾ ਬਿਵਸਥਾ ਦੀਆਂ ਪੁਸਤਕਾਂ ਵਿਚ ਵਰਗੀਕਰਨ ਕੀਤਾ ਗਿਆ ਹੈ; ਇਬਰਾਨੀ ਬਾਈਬਲ ਵਿਚ, ਇਹ ਟੋਰਾਹ ਦੀਆਂ ਪੰਜ ਪੁਸਤਕਾਂ ਵਿੱਚੋਂ ਇਕ ਹੈ। ਇਬਰਾਨੀ ਬਾਈਬਲ ਦੀਆਂ ਦੋ ਹੋਰ ਵੰਡਾਂ ਨਬੀਆਂ *(ਨੇਬੀ' ਇਮ)* ਅਤੇ ਲਿਖਤਾਂ *(ਕੇਥੂਬਿਮ)* ਹਨ। ਗਿਣਤੀ ਦੀ ਪੁਸਤਕ "ਪੰਚਗ੍ਰੰਥ" ਦੀ ਚੌਥੀ ਪੁਸਤਕ ਹੈ, ਇਕ ਅਜਿਹਾ ਸ਼ਬਦ ਜਿਸ ਦਾ ਅਰਥ ਹੈ "ਪੰਜ ਖੰਡਾਂ ਵਾਲੀ ਪੁਸਤਕ," ਜੋ ਕਿ ਪੁਰਾਣੇ ਨੇਮ ਦੀਆਂ ਪਹਿਲੀਆਂ ਪੰਜ ਪੁਸਤਕਾਂ ਦਾ ਯੂਨਾਨੀ ਨਾਂ ਹੈ।

## ਲੇਖਕ

### ਮੂਸਾ ਦਾ ਲੇਖਕ ਹੋਣਾ

ਪੰਚਗ੍ਰੰਥ ਦੀਆਂ ਬਾਕੀ ਪੁਸਤਕਾਂ ਦੇ ਵਾਂਗ, ਰਵਾਇਤੀ ਤੌਰ ਤੇ ਗਿਣਤੀ ਦੀ ਪੁਸਤਕ ਦਾ ਲੇਖਕ ਹੋਣ ਦਾ ਸਿਹਰਾ ਮੂਸਾ ਦੇ ਸਿਰ ਬੰਨ੍ਹਿਆ ਗਿਆ ਹੈ। ਇਕੱਠੇ ਮਿਲ ਕੇ, ਪੰਜ ਪੁਸਤਕਾਂ ਦਾ "ਮੂਸਾ ਦੀਆਂ ਪੁਸਤਕਾਂ" ਵਜੋਂ ਹਵਾਲਾ ਦਿੱਤਾ ਗਿਆ ਹੈ। ਮੂਸਾ ਦੇ ਇਸ ਪੁਸਤਕ ਦਾ ਲੇਖਕ ਹੋਣ

ਦਾ ਸਮਰਥਨ ਕਈ ਤੱਥਾਂ ਦੁਆਰਾ ਕੀਤਾ ਗਿਆ ਹੈ:

1. ਪੁਰਾਤਨ ਸਮਿਆਂ ਤੋਂ, ਯਹੂਦੀ ਲੋਕਾਂ ਅਤੇ ਮਸੀਹੀ ਲੋਕਾਂ ਨੇ ਮੂਸਾ ਨੂੰ ਇਸ ਪੁਸਤਕ ਦਾ ਲੇਖਕ ਸਮਝਿਆ ਹੈ।
2. ਮੂਸਾ ਕੋਲ ਸਿਖਲਾਈ, ਯੋਗਤਾ, ਮੌਕਾ ਅਤੇ ਪੰਚਗ੍ਰੰਥ ਨੂੰ ਲਿਖਣ ਦਾ ਉਦੇਸ਼ ਸੀ।
3. ਕਿਹਾ ਜਾਂਦਾ ਹੈ ਕਿ ਗਿਣਤੀ ਦੀ ਪੁਸਤਕ ਵਿਚ ਅਤੇ ਪੰਚਗ੍ਰੰਥ ਵਿਚ ਹੋਰ ਕਿਸੇ ਥਾਂ ਤੇ ਮੂਸਾ ਨੇ ਇਸਰਾਏਲੀਆਂ ਦਾ ਇਤਹਾਸ ਲਿਖਿਆ ਹੈ (ਕੂਚ 17:14; 24:4; 34:27; ਗਿਣਤੀ 33:2; ਬਿਵਸਥਾ ਸਾਰ 31:9, 19, 22)। ਦਾਅਵਾ ਕੀਤਾ ਜਾਂਦਾ ਹੈ ਕਿ ਇਨ੍ਹਾਂ ਪੁਸਤਕਾਂ ਦੇ ਰਾਹੀਂ ਉਸ ਤੇ ਬਿਧੀਆਂ ਨੂੰ ਪਰਗਟ ਕੀਤਾ ਗਿਆ ਸੀ।
4. ਨਵੇਂ ਨੇਮ ਦੇ ਬੰਦ ਬਿਵਸਥਾ ਦਾ ਸਿਹਰਾ ਮੂਸਾ ਦੇ ਸਿਰ ਬੰਨ੍ਹਦੇ ਹਨ ਜਾਂ ਮੂਸਾ ਦਾ ਪੰਚਗ੍ਰੰਥ ਵਿਚ ਪਾਏ ਜਾਣ ਵਾਲੇ ਹੁਕਮਾਂ ਦੇ ਲੇਖਕ ਅਤੇ/ਜਾਂ ਸ੍ਰੋਤ ਵਜੋਂ ਹਵਾਲਾ ਦਿੰਦੇ ਹਨ।

**ਸੰਯੁਕਤ ਲੇਖਕ**

ਮੂਸਾ ਦੇ ਲੇਖਕ ਹੋਣ ਵਿਰੁੱਧ ਜੋ ਦਲੀਲਾਂ ਦਿੱਤੀਆਂ ਗਈਆਂ ਹਨ ਠੋਸ ਨਹੀਂ ਹਨ। ਉਦਾਹਰਣ ਦੇ ਲਈ, ਇਹ ਇਤਰਾਜ਼ ਕੀਤਾ ਗਿਆ ਹੈ ਕਿ ਪੁਸਤਕ ਮੂਸਾ ਦੇ ਬਾਰੇ ਅੱਨ ਪੁਰਖ ਵਜੋਂ ਗੱਲ ਕਰਦੀ ਹੈ। ਇਸ ਦੇ ਜਵਾਬ ਵਿਚ, ਇਹ ਕਿਹਾ ਜਾ ਸਕਦਾ ਹੈ ਕਿ ਹੋਰ ਪ੍ਰਾਚੀਨ ਲੇਖਕਾਂ ਨੇ ਆਪਣੇ ਆਪ ਦਾ ਅੱਨ ਪੁਰਖ ਵਜੋਂ ਹਵਾਲਾ ਦਿੱਤਾ ਸੀ। ਮੂਸਾ ਨੂੰ ਇਸ ਤਰ੍ਹਾਂ ਕਰਨ ਦੀ ਇਜਾਜ਼ਤ ਕਿਉਂ ਨਹੀਂ ਦਿੱਤੀ ਜਾਣੀ ਚਾਹੀਦੀ?

ਮੂਸਾ ਦੇ ਲੇਖਕ ਹੋਣ ਤੇ ਇਸ ਲਈ ਵੀ ਸਵਾਲ ਉਠਾਇਆ ਜਾਂਦਾ ਹੈ ਕਿਉਂਕਿ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਮੂਸਾ ਨੇ ਆਪਣੇ ਆਪ ਬਾਰੇ ਉਹ ਕਦੇ ਵੀ ਨਹੀਂ ਆਖਿਆ ਹੋਵੇਗਾ ਜੋ ਗਿਣਤੀ 12:3 ਉਸ ਦੇ ਬਾਰੇ ਆਖਦੀ ਹੈ: "ਅਤੇ ਉਹ ਮਰਦ ਮੂਸਾ ਸਾਰਿਆਂ ਆਦਮੀਆਂ ਨਾਲੋਂ ਜਿਹੜੇ ਪ੍ਰਿਥਵੀ ਉੱਤੇ ਸਨ ਬਹੁਤ ਅਧੀਨ ਸੀ।" ਹਾਂ, ਇਹ ਆਇਤ ਸਮੱਸਿਆ ਵਾਲੀ ਹੈ। ਕੀ ਉਹ ਵਿਅਕਤੀ ਜਿਹੜਾ ਬਹੁਤ ਅਧੀਨ ਹੋਵੇਗਾ ਇਹ ਲਿਖੇਗਾ ਕਿ ਉਹ ਅਧੀਨ ਸੀ? ਹਾਲਾਂਕਿ ਇਸ ਸਵਾਲ ਤੇ ਅੱਗੇ ਜਾ ਕੇ ਚਰਚਾ ਕੀਤੀ ਜਾਵੇਗੀ, ਇਸ ਸਮੇਂ ਇਹ ਕਹਿਣਾ ਕਾਫੀ ਹੈ ਕਿ ਇਹ ਇਕ ਗੱਲ ਇਹ ਸਾਬਤ ਕਰਨ ਦੇ ਲਈ ਕਾਫੀ ਨਹੀਂ ਹੈ ਕਿ ਮੂਸਾ ਗਿਣਤੀ ਦੀ ਪੁਸਤਕ ਦਾ ਲੇਖਕ ਨਹੀਂ ਹੈ।

ਮੂਸਾ ਦੇ ਲੇਖਕ ਹੋਣ ਦੇ ਇਕ ਵਿਕਲਪ ਦੇ ਤੌਰ ਤੇ ਉਦਾਰਵਾਦੀ[2] ਵਿਦਵਾਨ "ਦਸਤਾਵੇਜ਼ੀ ਧਾਰਣਾ" ਦਾ ਪ੍ਰਸਤਾਵ ਦਿੰਦੇ ਹਨ, ਜੋ ਚਾਰ ਪਹਿਲੇ ਦਸਤਾਵੇਜ਼ਾਂ ਦਾ ਸਿਹਰਾ ਪੰਚਗ੍ਰੰਥ ਦੇ ਸਿਰ ਬੰਨ੍ਹਦੀ ਹੈ: J (ਯਾਹਵਿਸਟ), E (ਓਲੋਹਿਸਟ), D (ਡਿਊਟਰੋਨੋਮਿਸਟ) ਅਤੇ P (ਪ੍ਰੀਸਟਲੀ)।[3] ਇਸ ਵਿਚਾਰ ਦੇ ਸਮਰਥਕਾਂ ਨੇ ਗਿਣਤੀ ਦੇ ਵਿਸ਼ਿਆਂ ਨੂੰ ਚਾਰ ਵਿੱਚੋਂ ਤਿੰਨ ਸ੍ਰੋਤਾਂ ਨੂੰ ਸੌਂਪਿਆਂ ਹੈ: J, E ਅਤੇ P. ਇਕ ਆਮ ਨਿਯਮ ਦੇ ਤੌਰ ਤੇ, ਸ੍ਰੋਤ ਦੇ ਆਲੋਚਕ "J" ਸ੍ਰੋਤ ਨੂੰ "E" ਸ੍ਰੋਤ ਤੋਂ ਵੱਖਰਾ ਕਰਨ ਦੀ ਕੋਸ਼ਿਸ਼ ਨਹੀਂ ਕਰਦੇ, ਬਲਕਿ ਪੁਸਤਕ ਨੂੰ "JE" ਅਤੇ "P" ਭਾਗਾਂ ਵਿਚ ਵੰਡਦੇ ਹਨ[4] ਇਹ ਮੰਨਿਆ ਜਾਂਦਾ ਹੈ ਕਿ ਜਾਜਕਾਈ ਲਿਖਾਰੀ/ਲੇਖਕ ਨੇ ਪੁਸਤਕ ਨੂੰ ਆਖ਼ਰੀ ਰੂਪ ਦਿੱਤਾ ਸੀ। ਇਹ ਦਲੀਲ ਦਿੱਤੀ ਜਾਂਦੀ ਹੈ ਕਿ ਜਾਜਕਾਈ ਲਿਖਾਰੀ/ਲੇਖਕ, ਜਾਜਕਾਂ ਅਤੇ ਲੇਵੀਆਂ ਦੀ ਭੂਮਿਕਾ ਅਤੇ ਧਾਰਮਿਕ ਰਸਮਾਂ ਤੇ ਦਿੱਤੀ ਜਾਣ ਵਾਲੀ ਮਹੱਤਤਾ ਤੇ ਪੁਸਤਕ ਦੇ ਮਹਾਨ ਜ਼ੋਰ ਦਾ ਕਾਰਣ ਬਣੇ ਹੋਣਗੇ।

ਦਸਤਾਵੇਜ਼ੀ ਧਾਰਣਾ ਦਾ ਪੱਖ ਲੈਣ ਵਾਲੇ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਪੰਚਗ੍ਰੰਥ

ਦਾ ਲੇਖਕ ਮੂਸਾ ਹੈ ਅਤੇ ਇਸ ਲਈ ਉਹ ਮੂਸਾ ਦੇ ਗਿਣਤੀ ਦੀ ਪੁਸਤਕ ਦਾ ਲੇਖਕ ਹੋਣ ਦੀ ਗੱਲ ਨੂੰ ਵੀ ਠੁਕਰਾਉਂਦੇ ਹਨ। ਫਿਰ ਵੀ, ਦਸਤਾਵੇਜ਼ੀ ਧਾਰਣਾ ਦਾ ਪੱਖ ਲੈਣ ਵਾਲੇ ਇਨ੍ਹਾਂ ਕੁਝ ਲੋਕਾਂ ਵਿਚ ਕੁਝ ਅਜਿਹੇ ਵੀ ਹਨ ਜਿਨ੍ਹਾਂ ਦਾ ਮੰਨਣਾ ਹੈ ਕਿ ਗਿਣਤੀ ਦੀ ਪੁਸਤਕ ਅਤੇ ਬਾਕੀ ਦੇ ਪੰਚਗ੍ਰੰਥ ਵਿਚ ਪਾਈਆਂ ਜਾਣ ਵਾਲੀਆਂ ਪਰੰਪਰਾਵਾਂ ਮੂਸਾ ਦੇ ਸਮੇਂ ਦੀਆਂ ਹਨ, ਜਦ ਕਿ ਹੋਰਨਾਂ ਦਾ ਮੰਨਣਾ ਹੈ ਕਿ ਮੂਸਾ ਦਾ ਇਕ ਇਤਿਹਾਸਕ ਵਿਅਕਤੀ ਵਜੋਂ ਕੋਈ ਵਜੂਦ ਨਹੀਂ ਸੀ।

"ਦਸਤਾਵੇਜ਼ੀ ਧਾਰਣਾ" ਦਾ ਖੰਡਣ ਕੀਤਾ ਜਾ ਸਕਦਾ ਹੈ। ਇਸ ਦਾ ਮੰਨਣਾ ਹੈ ਕਿ ਗਿਣਤੀ ਦੀ ਪੁਸਤਕ ਵਿਚ ਉਹ ਸਮੱਗਰੀ ਹੈ ਜੋ ਛੇਵੀਂ ਜਾਂ ਪੰਜਵੀਂ ਸਦੀ ਈ.ਪੂ. ਦੌਰਾਨ ਲਿਖੀ ਗਈ ਸੀ। ਲਿਖਤ ਦਾ ਇਹ ਹਿੱਸਾ, ਇਹ ਦਲੀਲ ਦਿੱਤੀ ਜਾਂਦੀ ਹੈ ਕਿ "P" ਸ੍ਰੋਤ ਤੋਂ ਵਿੱਚੋਂ ਹੈ। ਪਰ, ਗਿਣਤੀ ਦੀ ਪੁਸਤਕ ਵਿਚ ਉਹ ਸਮੱਗਰੀ ਜੋ "P" ਸ੍ਰੋਤ ਨੂੰ ਸੌਂਪੀ ਗਈ ਹੈ, ਉਸ ਵਿਚ ਇਸ ਗੱਲ ਦਾ ਚੋਖਾ ਸਬੂਤ ਹੈ ਕਿ ਲਿਖਤ ਦਾ ਕੁਝ ਹਿੱਸਾ ਛੇਵੀਂ ਜਾਂ ਪੰਜਵੀਂ ਸਦੀ ਈ.ਪੂ. ਤੋਂ ਬਹੁਤ ਚਿਰ ਪਹਿਲਾਂ ਲਿਖਿਆ ਗਿਆ ਸੀ।[5] ਸੱਚਾਈ ਇਹ ਹੈ ਕਿ ਗਿਣਤੀ ਦੀ ਪੁਸਤਕ ਅਤੇ ਪੰਚਗ੍ਰੰਥ ਦੇ ਬਾਕੀ ਦੇ ਹਿੱਸੇ ਵਿਚ, ਅਜਿਹੇ ਸੰਕੇਤ ਹਨ ਕਿ ਇਹ ਦਾ ਵਿਸ਼ਾ ਪਹਿਲੇ ਹਜ਼ਾਰ ਵਰਹੇ ਈ.ਪੂ. ਦੀ ਬਜਾਇ ਦੂਜੇ ਹਜ਼ਾਰ ਵਰਹੇ ਈ.ਪੂ. ਵਿਚ ਲਿਖਿਆ ਗਿਆ ਸੀ।[6] ਗਿਣਤੀ ਦੀ ਪੁਸਤਕ ਦੇ ਲੇਖਕ ਬਾਰੇ "ਦਸਤਾਵੇਜ਼ੀ ਧਾਰਣਾ" ਦਾ ਵਿਚਾਰ ਪੰਚਗ੍ਰੰਥ ਦੇ ਲੇਖਕ ਦੇ ਲਈ ਇਕ ਸੰਤੋਖਜਨਕ ਵਿਆਖਿਆ ਪ੍ਰਦਾਨ ਨਹੀਂ ਕਰਦਾ।

### ਸਾਰ

ਇਹ ਵਿਸ਼ਵਾਸ ਕਿ ਮੂਸਾ ਨੇ ਗਿਣਤੀ ਦੀ ਪੁਸਤਕ ਲਿਖੀ ਸੀ ਕਿਸੇ ਹੋਰ ਵਿਚਾਰ ਨਾਲੋਂ ਜ਼ਿਆਦਾ ਪੂਰੀ ਤਰ੍ਹਾਂ ਇਸ ਦੀ ਤਸਦੀਕ ਕੀਤੀ ਗਈ ਹੈ। ਫਿਰ ਵੀ, ਇਹ ਮੰਨਦੇ ਹੋਏ ਕਿ ਮੂਸਾ ਇਸ ਪੁਸਤਕ ਦਾ ਲੇਖਕ ਸੀ ਜ਼ਰੂਰੀ ਨਹੀਂ ਹੈ ਕਿ ਇਸ ਸੰਭਾਵਨਾ ਨੂੰ ਖਾਰਜ ਕਰਦਾ ਹੈ ਕਿ ਬਾਅਦ ਵਿਚ ਜਿਨ੍ਹਾਂ ਲਿਖਾਰੀਆਂ ਜਾਂ ਲੇਖਕਾਂ ਨੂੰ ਪਰਮੇਸ਼ੁਰ ਦੀ ਪ੍ਰੇਰਣਾ ਦਿੱਤੀ ਗਈ ਸੀ ਉਨ੍ਹਾਂ ਨੇ ਇਸ ਵਿਚ ਕੁਝ ਹੋਰ ਸਮੱਗਰੀ ਜੋੜ ਦਿੱਤੀ ਸੀ, ਉਸ ਨੂੰ ਸੁਆਰਿਆ ਸੀ ਜੋ ਮੂਸਾ ਨੇ ਲਿਖਿਆ ਸੀ ਅਤੇ/ਜਾਂ ਪੁਸਤਕ ਨੂੰ ਆਖ਼ਰੀ ਰੂਪ ਦੇਣ ਦੇ ਲਈ ਹੋਰ ਸ੍ਰੋਤਾਂ ਦੀ ਵਰਤੋਂ ਕੀਤੀ ਸੀ।

ਗਿਣਤੀ ਦੀ ਪੁਸਤਕ, ਪੰਚਗ੍ਰੰਥ ਦੀਆਂ ਬਾਕੀ ਚਾਰ ਪੁਸਤਕਾਂ ਦੇ ਵਾਂਗ, ਗੁਮਨਾਮ (ਨਵੇਂ ਨੇਮ ਦੀਆਂ ਜ਼ਿਆਦਾਤਰ ਪੱਤ੍ਰੀਆਂ ਤੋਂ ਭਿੰਨ) ਹੈ। ਮਸੀਹੀ ਲੋਕਾਂ ਦਾ ਮੰਨਣਾ ਹੈ ਕਿ ਇਹ ਪੁਸਤਕ, ਇਬਰਾਨੀ ਪੁਰਾਣੇ ਨੇਮ ਦੇ ਇਕ ਹਿੱਸੇ ਦੇ ਰੂਪ ਵਿਚ, ਪਰਮੇਸ਼ੁਰ ਦੀ ਪ੍ਰੇਰਣਾ ਨਾਲ ਲਿਖੀ ਗਈ ਸੀ (2 ਤਿਮੋਥਉਸ 3:16, 17)। ਜਿਵੇਂ ਕਿ ਇਹ ਅੱਜ ਸਾਡੇ ਕੋਲ ਹੈ, ਇਸ ਪੁਸਤਕ ਨੂੰ ਪਵਿੱਤਰ ਆਤਮਾ ਦੀ ਉਪਜ ਦੇ ਰੂਪ ਵਿਚ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ (ਵੇਖੋ 2 ਪਤਰਸ 1:21)।

## ਮਿਤੀ

ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਇਸਰਾਏਲੀਆਂ ਦਾ ਉਜਾੜ ਵਿਚ ਭਟਕਣਾ ਪੰਦਰਵੀਂ ਅਤੇ ਸੋਲ੍ਹਵੀਂ ਸਦੀ ਈ.ਪੂ. ਵਿਚਕਾਰ ਹੋਇਆ ਸੀ।[7] ਕਿਉਂਕਿ ਗਿਣਤੀ ਦੀ ਪੁਸਤਕ ਮੂਸਾ ਨੇ ਲਿਖੀ ਸੀ, ਇਸ ਦੇ ਲਿਖਣ ਦੀ ਮਿਤੀ ਲਗਭਗ ਉਹੀ ਮਿਤੀ ਹੋਵੇਗੀ ਜਿਸ ਦੌਰਾਨ ਇਸ ਦੀਆਂ ਘਟਨਾਵਾਂ ਲਿਖੀਆਂ ਗਈਆਂ ਸਨ। ਜਿਹੜੇ ਦਸਤਾਵੇਜ਼ੀ ਧਾਰਣਾ ਨੂੰ ਸਵੀਕਾਰ ਕਰਦੇ ਹਨ ਅਤੇ ਵਚਨ ਦੀ ਪ੍ਰੇਰਣਾ ਨੂੰ ਠੁਕਰਾ ਦਿੰਦੇ ਹਨ ਕਹਿੰਦੇ ਹਨ ਕਿ ਇਸ ਪੁਸਤਕ ਦੇ ਲਿਖਣ ਦੀ ਮਿਤੀ ਪੰਜਵੀਂ ਸਦੀ ਈ.ਪੂ. ਹੈ।

# ਵਿਸ਼ੇਸ਼ਤਾਵਾਂ

ਗਿਣਤੀ ਦੀ ਪੁਸਤਕ, ਇਸ ਦੇ ਵਿਸ਼ੇ ਅਤੇ ਸ਼ੈਲੀ ਵਿਚ, ਵਿਲੱਖਣ ਵਿਸ਼ੇਸ਼ਤਾਵਾਂ ਨੂੰ ਪਰਗਟ ਕਰਦੀ ਹੈ:

1. *ਇਸ ਦੇ ਵਿਚ ਸਾਹਿਤਕ ਸ਼ੈਲੀਆਂ, ਜਾਂ ਸਾਹਿਤ ਦੀਆਂ ਕਿਸਮਾਂ ਹਨ।* ਇਹ ਵਿਭਿੰਨਤਾ - ਕੁੱਲ ਮਿਲਾ ਕੇ ਚੌਦਾਂ ਵੱਖ-ਵੱਖ ਸ਼ੈਲੀਆਂ - ਬਾਈਬਲ ਵਿਚ ਹੋਰ ਕਿਸੇ ਪੁਸਤਕ ਨਾਲੋਂ ਵੱਧ ਹੈ।[8] ਪੰਜਗ੍ਰੰਥ ਦੀਆਂ ਜ਼ਿਆਦਾਤਰ ਹੋਰ ਪੁਸਤਕਾਂ ਦੇ ਵਾਂਗ, ਗਿਣਤੀ ਦੀ ਪੁਸਤਕ ਵਿਚ ਕਾਨੂੰਨੀ ਸਮੱਗਰੀ (ਉਦਾਹਰਣ ਦੇ ਲਈ, 27:1-11), ਕਹਾਣੀਆਂ (16:41-50) ਅਤੇ ਕਵਿਤਾ (21:17, 18) ਹੈ। ਇਸ ਤੋਂ ਇਲਾਵਾ, ਇਸ ਦੇ ਵਿਚ ਕਾਫੀ ਮਾਤਰਾ ਵਿਚ ਉਹ ਸਮੱਗਰੀ ਵੀ ਸ਼ਾਮਲ ਹੈ ਜਿਸ ਨੂੰ "ਪੁਰਾਲੇਖੀ ਸਮੱਗਰੀ" - ਅਰਥਾਤ, ਉਹ ਸੂਚੀਆਂ ਜੋ ਦੋ ਗਿਣਤੀਆਂ ਅਤੇ ਹੋਰ ਅੰਕੜੇ ਨਾਲ ਸੰਬੰਧ ਰੱਖਦੀਆਂ ਸਨ - ਕਿਹਾ ਜਾ ਸਕਦਾ ਹੈ। ਕਾਨੂੰਨੀ ਭਾਗ ਅਤੇ ਕਹਾਣੀ ਵਾਲੇ ਭਾਗ ਅੱਗੇ-ਪਿੱਛੇ ਹਨ।

2. *ਇਸ ਵਿਚ ਕਈ ਗੱਲਾਂ "ਜਾਜਕਾਂ ਨਾਲ ਸੰਬੰਧਤ" ਹਨ, ਅਰਥਾਤ, ਜਾਜਕਾਂ ਅਤੇ ਲੇਵੀਆਂ, ਪਵਿੱਤ੍ਰ ਕਰਨ ਦੀਆਂ ਰਸਮਾਂ, ਪਰਬ ਦੇ ਦਿਨਾਂ ਅਤੇ ਬਲੀਦਾਨਾਂ ਦੇ ਲਈ ਹਦਾਇਤਾਂ।* ਜਦ ਕਿ ਲੇਵੀਆਂ ਦੀ ਪੁਸਤਕ "ਜਾਜਕਾਂ ਦੇ ਲਈ ਦਿੱਤੀ ਗਈ ਇਕ ਪੁਸਤਕ ਹੈ," ਅਸਲ ਵਿਚ ਗਿਣਤੀ ਦੀ ਪੁਸਤਕ ਵਿਚ ਜਾਜਕਾਂ ਅਤੇ ਲੇਵੀਆਂ ਦੀਆਂ ਭੂਮਿਕਾਵਾਂ, ਜ਼ਿੰਮੇਵਾਰੀਆਂ ਅਤੇ ਵਿਸ਼ੇਸ਼ ਅਧਿਕਾਰਾਂ ਬਾਰੇ ਪੁਰਾਣੇ ਨੇਮ ਦੀ ਹੋਰ ਕਿਸੇ ਵੀ ਪੁਸਤਕ ਨਾਲੋਂ ਵਧੇਰੇ ਜਾਣਕਾਰੀ ਦਿੱਤੀ ਗਈ ਹੈ।

3. *ਇਹ ਪਾਪ ਅਤੇ ਇਸ ਦੀ ਸਜ਼ਾ ਨੂੰ ਉਜਾਗਰ ਕਰਦੀ ਹੈ।* ਗਿਣਤੀ ਦੀ ਪੁਸਤਕ ਪਰਮੇਸ਼ੁਰ ਦੀ ਪਰਜਾ ਦੇ ਬਾਰ-ਬਾਰ ਪਾਪ ਕਰਨ ਅਤੇ ਬਰਬਾਦੀ ਨੂੰ ਝੱਲਣ ਅਤੇ ਬੁਰਿਆਈ ਦੀ "ਮਾਰਨ ਵਾਲੀ ਸ਼ਕਤੀ" ਦਾ ਵਰਣਨ ਕਰਦੀ ਹੈ।

4. *ਇਸ ਦੇ ਵਿਚ ਜਿੰਨੀਆਂ ਵੀ ਕਹਾਣੀਆਂ ਹਨ ਉਨ੍ਹਾਂ ਵਿਚ ਆਸ ਦੇ ਸੰਕੇਤ ਮਿਲਦੇ ਹਨ।* ਇਸ ਦੇ ਧੁੰਦਲੇ ਚਿੱਤਰ ਦੇ ਬਾਵਜੂਦ, ਪੁਸਤਕ ਵਿਚ ਆਸ ਦੀਆਂ ਝਲਕਾਂ ਹਨ। ਹਾਲਾਂਕਿ ਇਸਰਾਏਲੀਆਂ ਦੀ ਸਾਰੀ ਪੀੜ੍ਹੀ ਉਨ੍ਹਾਂ ਦੇ ਪਾਪ ਦੇ ਕਾਰਣ ਉਜਾੜ ਵਿਚ ਨਾਸ ਹੋ ਗਈ, ਪਰਮੇਸ਼ੁਰ ਲਗਾਤਾਰ ਇਹ ਘੋਸ਼ਣਾ ਕਰਦਾ ਰਿਹਾ ਜਾਂ ਸੰਕੇਤ ਦਿੰਦਾ ਰਿਹਾ ਕਿ ਇਸਰਾਏਲੀ ਲੋਕ ਵਾਅਦੇ ਦੀ ਧਰਤੀ ਵਿਚ ਦਾਖ਼ਲ ਹੋਣ ਦੀ ਆਸ ਕਰ ਸਕਦੇ ਸਨ। ਹਰੇਕ ਲਿਖਤ ਤੋਂ ਬਾਅਦ ਜੋ ਕੌਮ ਦੇ ਪਾਪ ਨੂੰ ਪਰਗਟ ਕਰਦੀ ਹੈ (ਅਧਿਆਇ 12-14; ਅਧਿਆਇ 16; 17 ਅਤੇ ਅਧਿਆਇ 20; 21; 25), ਬਿਧੀ ਜਾਂ ਬਿਧੀਆਂ ਦੇ ਭਾਗ ਇਹ ਸੰਕੇਤ ਦਿੰਦੇ ਹਨ ਕਿ ਲੋਕ ਇਕ ਨਾ ਇਕ ਦਿਨ ਉਸ ਧਰਤੀ ਤੇ ਖੁਸ਼ਹਾਲ ਹੋਣਗੇ ਜੋ ਪਰਮੇਸ਼ੁਰ ਨੇ ਉਨ੍ਹਾਂ ਦੇ ਪਿਉ-ਦਾਦਿਆਂ ਨੂੰ ਦੇਣ ਦਾ ਵਾਅਦਾ ਕੀਤਾ ਸੀ।

12 ਤੋਂ 14 ਅਧਿਆਵਾਂ ਵਿਚ ਦਰਜ ਪਾਪਾਂ ਦੇ ਪਿੱਛੋਂ, ਅਧਿਆਇ 15 ਉਸ ਸਮੇਂ ਬਾਰੇ ਮੂਸਾ ਨੂੰ ਪਰਮੇਸ਼ੁਰ ਦੇ ਹੁਕਮਾਂ ਨਾਲ ਖੁੱਲ੍ਹਦਾ ਹੈ ਜਦੋਂ ਇਸਰਾਏਲੀ ਉਸ "ਧਰਤੀ ਵਿੱਚ ਦਾਖ਼ਲ" ਹੋਣਗੇ ਜੋ ਪਰਮੇਸ਼ੁਰ ਉਨ੍ਹਾਂ ਨੂੰ ਵੱਸਣ ਦੇ ਲਈ ਇਕ ਥਾਂ ਦੇ ਰੂਪ ਵਿਚ ਦੇ ਰਿਹਾ ਸੀ (15:1, 2)। 16 ਅਤੇ 17 ਅਧਿਆਵਾਂ ਵਿਚ ਪਾਪਾਂ ਤੋਂ ਤੁਰੰਤ ਬਾਅਦ, 18 ਅਤੇ 19 ਅਧਿਆਇ ਜਾਜਕਪੁਣੇ ਅਤੇ ਉਸ ਧਰਤੀ ਉੱਤੇ ਲੇਵੀਆਂ ਦੇ ਫਾਇਦਿਆਂ ਤੇ ਧਿਆਨ ਕੇਂਦਰਿਤ ਕਰਦੇ ਹਨ। 20, 21 ਅਤੇ 25 ਅਧਿਆਵਾਂ ਵਿਚ ਪਾਪਾਂ ਦਾ ਵਰਣਨ ਕਰਨ ਤੋਂ ਬਾਅਦ, 26 ਤੋਂ 36 ਅਧਿਆਵਾਂ ਵਿਚ ਵੰਡ ਅਤੇ ਵਾਅਦੇ ਦੀ ਧਰਤੀ ਵਿਚ ਵੱਸਣ ਦੇ ਲਈ ਹਦਾਇਤਾਂ ਦਿੱਤੀਆਂ ਗਈਆਂ ਹਨ। ਪੁਸਤਕ ਵਿਚ ਆਸ ਦੇ ਵਿਸ਼ੇ ਦੇ ਲਈ ਖੂੰਜੇ ਦਾ ਪੱਥਰ ਪ੍ਰਦਾਨ ਕਰਨ ਦੇ ਲਈ, ਬਿਲਆਮ ਦੇ ਅਗੰਮ ਵਾਕਾਂ

ਵਿਚ ਪਰਮੇਸ਼ੁਰ ਦੇ ਲੋਕਾਂ ਦੇ ਲਈ ਬਰਕਤਾਂ ਦੇ ਅਦਭੁਤ ਵਾਅਦੇ ਹਨ (ਅਧਿਆਇ 23; 24)।

# ਉਦੇਸ਼

ਗਿਣਤੀ ਦੀ ਪੁਸਤਕ ਕਿਹੜੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਲਈ ਲਿਖੀ ਗਈ ਸੀ। ਇਸ ਨੇ ਉਨ੍ਹਾਂ ਦੇ ਲਈ ਕਿਹੜੇ ਉਦੇਸ਼ਾਂ ਨੂੰ ਪੂਰਾ ਕੀਤਾ ਜਿਨ੍ਹਾਂ ਨੇ ਇਸ ਨੂੰ ਪਹਿਲੀ ਵਾਰ ਪੜ੍ਹਿਆ ਸੀ? ਇਹ ਪੁਸਤਕ ਉਨ੍ਹਾਂ ਨੂੰ ਕੀ ਫਾਇਦਾ ਪਹੁੰਚਾ ਸਕਦੀ ਹੈ ਜਿਹੜੇ ਅੱਜ ਇਸ ਨੂੰ ਪੜ੍ਹਦੇ ਹਨ?

### ਛੁਟਕਾਰੇ ਦੀ ਕਹਾਣੀ

ਗਿਣਤੀ ਦੀ ਪੁਸਤਕ ਇਸਰਾਏਲ ਦੇ ਇਤਹਾਸ ਨੂੰ ਅਤੇ ਸਿੱਟੇ ਵਜੋਂ ਮਨੁੱਖਜਾਤੀ ਨੂੰ ਛੁਟਕਾਰਾ ਦੇਣ ਦੇ ਲਈ ਪਰਮੇਸ਼ੁਰ ਦੀ ਯੋਜਨਾ ਦੇ ਇਤਿਹਾਸ ਨੂੰ ਸਮਝਣ ਵਿਚ ਯੋਗਦਾਨ ਦਿੰਦੀ ਹੈ। ਖ਼ਾਸ ਤੌਰ ਤੇ, ਗਿਣਤੀ ਦੀ ਪੁਸਤਕ ਤੋਂ ਬਿਨ੍ਹਾਂ, ਅਸੀਂ ਇਹ ਨਹੀਂ ਸਮਝ ਸਕਦੇ ਕਿ ਇਸਰਾਏਲੀਆਂ ਨੇ ਚਾਲੀ ਵਰਹੇ ਉਜਾੜ ਵਿਚ ਹੀ ਭਟਕਦਿਆਂ ਕਿਉਂ ਬਿਤਾ ਦਿੱਤੇ ਅਤੇ ਫ਼ੀਨਹਾਸ ਦੇ ਪਰਿਵਾਰ ਨੂੰ "ਸਦਾ ਦੀ ਜਾਜਕਾਈ" ਦੇ ਲਈ ਕਿਉਂ ਚੁਣਿਆ ਗਿਆ ਸੀ (25:13)।

### ਭਰੋਸੇ ਵਾਲੀ ਨਿਹਚਾ

ਗਿਣਤੀ ਦੀ ਪੁਸਤਕ ਨਿਸ਼ਚਤ ਤੌਰ ਤੇ ਇਸ ਦੇ ਸ਼ੁਰੂਆਤੀ ਸਰੋਤਿਆਂ ਅਤੇ ਭਵਿੱਖ ਦੇ ਪਾਠਕਾਂ ਦੋਹਾਂ ਨੂੰ ਮਹੱਤਵਪੂਰਣ ਸਬਕ ਸਿਖਾਉਣ ਦੇ ਲਈ ਲਿਖੀ ਗਈ ਸੀ। ਇਨ੍ਹਾਂ ਵਿੱਚੋਂ ਤਿੰਨ ਸਬਕ ਅਜਿਹੇ ਹਨ ਜੋ ਇਸ ਤਰ੍ਹਾਂ ਲੱਗਦਾ ਹੈ ਕਿ ਮੋਟੇ ਅੱਖਰਾਂ ਵਿਚ ਲਿਖੇ ਗਏ ਹਨ: (1) ਪਰਮੇਸ਼ੁਰ ਉੱਤੇ ਨਿਹਚਾ ਅਤੇ ਭਰੋਸਾ ਕਰਨ ਦੀ ਲੋੜ, (2) ਜਾਜਕਾਂ, ਰਸਮਾਂ ਅਤੇ ਬਲੀਦਾਨਾਂ ਦੀ ਮਹੱਤਤਾ ਅਤੇ (3) ਪਾਪ ਦੇ ਭਿਆਣਕ ਨਤੀਜੇ।

### ਇਕਸਾਰਤਾ

ਗਿਣਤੀ ਦੀ ਪੁਸਤਕ ਦਾ ਲੇਖਕ ਸਾਨੂੰ ਦੱਸਣਾ ਚਾਹੁੰਦਾ ਹੈ ਕਿ ਲੋਕ ਇਕਸਾਰ ਹਨ - ਅਰਥਾਤ ਇਕਸਾਰ ਪਾਪੀ ਹਨ। ਇਸੇ ਕਰਕੇ, ਉਸ ਨੇ ਇਹ ਸਪੱਸ਼ਟ ਕੀਤਾ ਸੀ ਕਿ ਇਸਰਾਏਲ ਦੇ ਲੋਕ, ਉਸ ਸਮੇਂ ਦੌਰਾਨ ਜਿਸ ਦਾ ਗਿਣਤੀ ਦੀ ਪੁਸਤਕ ਵਿਚ ਵਰਣਨ ਕੀਤਾ ਗਿਆ ਹੈ, ਉਸੇ ਤਰ੍ਹਾਂ ਦੇ ਸਨ ਜਿਸ ਤਰ੍ਹਾਂ ਦਾ ਉਨ੍ਹਾਂ ਨੂੰ ਕੂਚ ਦੀ ਪੁਸਤਕ ਵਿਚ ਦਰਸਾਇਆ ਗਿਆ ਸੀ। ਜਦ ਕਿ ਉਨ੍ਹਾਂ ਨੇ ਕਈ ਵਾਰ ਉਹ ਸਭ ਕਰਕੇ ਯਹੋਵਾਹ ਦੀ ਆਗਿਆ ਦਾ ਪਾਲਣ ਕੀਤਾ ਸੀ ਜਿਸ ਦਾ ਯਹੋਵਾਹ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਸੀ, ਉਹ ਜ਼ਿਆਦਾਤਰ ਉਸ ਦੇ ਵਿਰੁੱਧ ਮੁੜ ਗਏ ਸਨ। ਗਿਣਤੀ ਦੀ ਪੁਸਤਕ ਵਿਚ, ਜਿਵੇਂ ਕਿ ਕੂਚ ਦੀ ਪੁਸਤਕ ਵਿਚ ਹੈ, ਉਹ ਭੋਜਨ ਅਤੇ ਪਾਣੀ ਦੇ ਬਾਰੇ ਬੁੜਬੁੜਾਏ ਸਨ; ਗਿਣਤੀ ਦੀ ਪੁਸਤਕ ਵਿਚ, ਜਿਵੇਂ ਕਿ ਕੂਚ ਦੀ ਪੁਸਤਕ ਵਿਚ ਹੈ, ਉਨ੍ਹਾਂ ਨੇ ਪਰਮੇਸ਼ੁਰ ਦੇ ਵਿਰੁੱਧ ਇਹ ਦੋਸ਼ ਲਾਏ ਸਨ ਕਿ ਪਰਮੇਸ਼ੁਰ ਉਨ੍ਹਾਂ ਨੂੰ ਮਰਨ ਦੇ ਲਈ ਉਜਾੜ ਵਿਚ ਲੈ ਕੇ ਆਇਆ ਸੀ (ਕੂਚ 14:11, 12; ਗਿਣਤੀ 14:2, 3)।

ਸਭ ਤੋਂ ਮਹੱਤਵਪੂਰਣ ਗੱਲ, ਗਿਣਤੀ ਦੀ ਪੁਸਤਕ ਪਰਮੇਸ਼ੁਰ ਦੀ ਵਫ਼ਾਦਾਰੀ ਤੇ ਜ਼ੋਰ ਦਿੰਦੀ ਹੈ। ਜਿਵੇਂ ਕਿ ਪਰਮੇਸ਼ੁਰ ਨੇ ਕੂਚ ਦੀ ਪੁਸਤਕ ਵਿਚ ਆਪਣੀ ਪਰਜਾ ਨੂੰ ਉਨ੍ਹਾਂ ਦੇ ਪਾਪਾਂ ਦੇ ਲਈ ਸਜ਼ਾ ਦਿੱਤੀ ਸੀ, ਪਰਮੇਸ਼ੁਰ ਨੇ ਗਿਣਤੀ ਦੀ ਪੁਸਤਕ ਵਿਚ ਕੌਮ ਦੇ ਪਾਪਾਂ ਦੇ ਲਈ ਸਜ਼ਾ ਦਿੱਤੀ ਸੀ। ਜਿਵੇਂ ਕਿ ਕੂਚ ਦੀ ਪੁਸਤਕ ਵਿਚ ਹੈ, ਪਰਮੇਸ਼ੁਰ ਨੇ ਬੁੜਬੁੜਾਉਣ ਵਾਲੇ ਇਸਰਾਏਲੀਆਂ ਦੀਆਂ ਜਰੂਰਤਾਂ ਨੂੰ ਪੂਰਾ ਕੀਤਾ ਸੀ। ਉਸੇ ਤਰ੍ਹਾਂ, ਪਰਮੇਸ਼ੁਰ ਨੇ ਦੋਹਾਂ ਪੁਸਤਕਾਂ ਵਿਚ ਖੁੱਲ੍ਹੀ ਬਗਾਵਤ ਦੀ ਨਿਰਣਾਇਕ ਰੂਪ ਵਿਚ ਪ੍ਰਤੀਕਿਰਿਆ ਕੀਤੀ। ਹਾਲਾਂਕਿ ਪਰਮੇਸ਼ੁਰ ਦੇ

ਕੋਲ ਇਸਰਾਏਲੀਆਂ ਨੂੰ ਛੱਡਣ ਦਾ ਚੰਗਾ ਕਾਰਣ ਸੀ, ਫਿਰ ਵੀ ਉਸ ਨੇ ਉਨ੍ਹਾਂ ਉੱਤੇ ਆਪਣੀ ਕਿਰਪਾ ਨੂੰ ਜਾਰੀ ਰੱਖਿਆ।

ਗਿਣਤੀ ਦੀ ਪੁਸਤਕ ਇਸ ਪੁਸਤਕ ਵਿਚ ਦਰਜ਼ ਦੋਹਾਂ ਗਿਣਤੀਆਂ ਦੇ ਰਾਹੀਂ ਆਪਣੀ ਪਰਜਾ ਦੇ ਲਈ ਪਰਮੇਸ਼ੁਰ ਦੀ ਨਿਰੰਤਰ ਚਿੰਤਾ ਦਾ ਉਦਾਹਰਣ ਦਿੰਦੀ ਹੈ। ਪਹਿਲੀ ਗਿਣਤੀ ਨੇ ਦੱਸਿਆ ਕਿ ਦੇਸ ਵਿਚ ਵੀਹ ਵਰਹੇ ਦੇ ਅਤੇ ਉਸ ਤੋਂ ਉੱਪਰ ਦੇ 603,550 ਲੋਕ ਸਨ (1:46)। ਦੂਜੀ ਗਿਣਤੀ ਵਿਚ, ਇਸਰਾਏਲੀਆਂ ਦੇ ਉਜਾੜ ਵਿਚ ਚਾਲੀ ਸਾਲ ਬਿਤਾਉਣ ਤੋਂ ਬਾਅਦ, ਉਸੇ ਸ਼ਰੇਣੀ ਵਿਚ 601,730 ਲੋਕ ਗਿਣੇ ਗਏ ਸਨ (26:51)। ਇਹ ਅੰਕੜੇ ਇਹ ਸਾਬਤ ਕਰਦੇ ਸਨ ਕਿ, ਇਸਰਾਏਲੀਆਂ ਨੇ ਉਜਾੜ ਵਿਚ ਜੋ ਸਾਲ ਬਿਤਾਏ ਸਨ, ਉਨ੍ਹਾਂ ਸਾਲਾਂ ਦੇ ਦੌਰਾਨ ਉਨ੍ਹਾਂ ਦੀ ਗਿਣਤੀ ਕੋਈ ਬਹੁਤ ਜ਼ਿਆਦਾ ਨਹੀਂ ਸੀ ਘਟੀ।[9] ਜਦੋਂ ਅਸੀਂ (1) ਉਜਾੜ ਵਿਚ ਜੀਵਨ ਨੂੰ ਬਚਾਈ ਰੱਖਣ ਵਿਚ ਆਉਣ ਵਾਲੀਆਂ ਮੁਸ਼ਕਲਾਂ, (2) ਲੋਕਾਂ ਦੇ ਵਿਰਲਾਪ ਕਿ ਇਸਰਾਏਲੀਆਂ ਦੀਆਂ "ਤੀਵੀਆਂ ਅਤੇ ... ਨਿਆਣੇ ਲੁੱਟ ਦਾ ਮਾਲ ਬਣੇ" (14:3), (3) ਇਹ ਤੱਥ ਕਿ ਉਹ "ਨਿਆਣੇ" ਬਚੇ ਰਹੇ ਅਤੇ (4) ਇਹ ਕਿ ਕੌਮ ਲਗਭਗ ਚਾਲੀ ਸਾਲਾਂ ਦੇ ਅੰਤ ਵਿਚ ਗਿਣਤੀ ਵਿਚ ਬਹੁਤ ਸਾਰੀ ਸੀ ਜਿਵੇਂ ਕਿ ਇਹ ਸ਼ੁਰੂਆਤ ਵਿਚ ਸੀ ਤੇ ਵਿਚਾਰ ਕਰਦੇ ਹਾਂ ਤਾਂ ਅਸੀਂ ਪਰਮੇਸ਼ੁਰ ਦੀ ਮਹਾਨਤਾ ਅਤੇ ਭਲਿਆਈ ਤੇ ਸਿਰਫ ਹੈਰਾਨ ਹੋ ਸਕਦੇ ਹਾਂ। ਪਰਮੇਸ਼ੁਰ ਆਪਣੀ ਪਰਜਾ ਨੂੰ ਉਨ੍ਹਾਂ ਦੇ ਪਾਪ ਦੇ ਬਾਵਜੂਦ ਮਾਫ਼ ਕਰਨ, ਉਨ੍ਹਾਂ ਨੂੰ ਪਿਆਰ ਕਰਨ, ਉਨ੍ਹਾਂ ਨੂੰ ਬਰਕਤ ਦੇਣ ਅਤੇ ਉਨ੍ਹਾਂ ਨੂੰ ਆਪਣੇ ਨੇਮ ਵਿਚ ਬਣਾਈ ਰੱਖਣ ਵਿਚ ਬਹੁਤ ਭਲਾ ਸੀ। ਪਰਮੇਸ਼ੁਰ ਉਨ੍ਹਾਂ ਨੂੰ ਬੰਜਰ ਉਜਾੜ ਵਿਚ ਚਾਲੀ ਸਾਲ ਤੱਕ ਸੰਭਾਲੀ ਰੱਖਣ ਵਿਚ ਭਲਾ ਸੀ। ਉਸ ਦੇ ਨਿਰੰਤਰ ਪਿਆਰ ਅਤੇ ਸ਼ਕਤੀ ਨੂੰ ਵੇਖਣਾ ਸੱਚਮੁੱਚ ਅਦਭੁੱਤ ਹੈ।

## ਘਟਨਾਕ੍ਰਮ

ਕੂਚ ਦੀ ਪੁਸਤਕ ਵਿਚ ਜੋ ਘਟਨਾਵਾਂ ਵਾਪਰੀਆਂ ਸਨ ਅਤੇ ਕਦੋਂ ਵਾਪਰੀਆਂ ਸਨ ਅਤੇ ਇਸਰਾਏਲੀ ਉਜਾੜ ਵਿਚ ਕਦੋਂ ਭਟਕਦੇ ਰਹੇ? ਇਹ ਘਟਨਾਵਾਂ ਇਕ ਦੂਜੇ ਨਾਲ ਕਿਵੇਂ ਸੰਬੰਧਤ ਹਨ? ਉਨ੍ਹਾਂ ਨੂੰ ਵਾਪਰਨ ਵਿਚ ਕਿੰਨਾ ਸਮਾਂ ਲੱਗਾ ਸੀ? ਪੰਚਗ੍ਰੰਥ ਵਿਚ ਮਹੱਤਵਪੂਰਣ ਸਮੇਂ ਨਾਲ ਸੰਬੰਧਤ ਬੰਦ ਇਨ੍ਹਾਂ ਸਵਾਲਾਂ ਦਾ ਜਵਾਬ ਦਿੰਦੇ ਪ੍ਰਤੀਤ ਹੁੰਦੇ ਹਨ।

ਗਿਣਤੀ 33:3 ਅਨੁਸਾਰ, ਇਸਰਾਏਲੀਆਂ ਨੇ "ਰਾਮਸੇਸ ਤੋਂ ਪਹਿਲੇ ਮਹੀਨੇ ਦੇ ਪੰਦਰਵੇਂ ਦਿਨ ਕੂਚ ਕੀਤਾ। ਪਸਹ ਦੇ ਇੱਕ ਦਿਨ ਪਿੱਛੋਂ।" ਮਿਸਰ ਵਿੱਚੋਂ ਨਿੱਕਲਣ ਤੋਂ ਬਾਅਦ ਤੀਜੇ ਮਹੀਨੇ ਵਿਚ, ਇਸਰਾਏਲੀ ਸੀਨਈ ਵਿੱਚ ਆਏ (ਕੂਚ 19:1)।

ਕੂਚ ਤੋਂ ਬਾਅਦ ਦੂਜੇ ਵਰਹੇ ਪਹਿਲੇ ਮਹੀਨੇ ਦੇ ਪਹਿਲੇ ਦਿਨ ਡੇਹਰੇ ਨੂੰ ਖੜਾ ਕੀਤਾ ਗਿਆ ਸੀ (ਕੂਚ 40:17)। ਇਸ ਸਮੇਂ, "ਬੱਦਲ ਨੇ ਡੇਹਰੇ ਨੂੰ ਢੱਕ ਲਿਆ" (ਗਿਣਤੀ 9:15) ਅਤੇ ਇਸ ਦੇ ਸਾਮਾਨ ਨੂੰ ਪਵਿੱਤ੍ਰ ਕੀਤਾ ਗਿਆ (7:1)। ਉਸੇ ਮਹੀਨੇ ਵਿਚ, ਯਹੋਵਾਹ ਨੇ ਮੂਸਾ ਅਤੇ ਇਸਰਾਏਲੀਆਂ ਨੂੰ ਪਸਾਹ ਮਨਾਉਣ ਦਾ ਹੁਕਮ ਦਿੱਤਾ ਸੀ (9:1, 2, 3, 5)।

ਯਹੋਵਾਹ ਨੇ ਮੂਸਾ ਨੂੰ ਦੂਜੇ ਵਰਹੇ ਦੇ ਦੂਜੇ ਮਹੀਨੇ ਦੇ ਪਹਿਲੇ ਦਿਨ ਉਹ ਗਿਣਤੀ ਕਰਨ ਦਾ ਹੁਕਮ ਦਿੱਤਾ ਸੀ ਜਿਸ ਦਾ ਗਿਣਤੀ 1 ਵਿਚ ਵਰਣਨ ਕੀਤਾ ਗਿਆ ਹੈ (1:1)। ਦੂਜੇ ਵਰਹੇ ਦੇ ਦੂਜੇ ਮਹੀਨੇ ਦੇ ਵੀਹਵੇਂ ਦਿਨ, ਇਸਰਾਏਲੀ ਸੀਨਈ ਤੋਂ ਨਿੱਕਲ ਗਏ ਅਤੇ ਕਨਾਨ ਵੱਲ ਨੂੰ ਮੁੜ ਆਪਣਾ ਸਫ਼ਰ ਸ਼ੁਰੂ ਕੀਤਾ (10:11, 12)।

ਗਿਣਤੀ ਦੀ ਪੁਸਤਕ ਵਿਚ ਹੋਰ ਕਾਲਕ੍ਰਮਕ ਸੂਚਨਾਵਾਂ 20:1 ਤੱਕ ਨਹੀਂ ਮਿਲਦੀਆਂ ਹਨ, ਜਦੋਂ "ਇਸਰਾਏਲੀਆਂ ਦੀ ਸਾਰੀ ਮੰਡਲੀ ਪਹਿਲੇ ਮਹੀਨੇ ਸੀਨ ਦੀ ਉਜਾੜ ਵਿੱਚ ਆਈ ਅਤੇ

ਪਰਜਾ ਕਾਦੇਸ਼ ਵਿੱਚ ਟਿਕ ਗਈ।" ਸ਼ਾਇਦ, ਇਹ ਕੂਚ ਤੋਂ ਬਾਅਦ ਚਾਲੀਵੇਂ ਵਰਹੇ ਦਾ ਪਹਿਲਾ ਮਹੀਨਾ ਸੀ। ਰੋਨਾਲਡ ਬੀ. ਐਲਨ ਨੇ ਇਸ ਵਿਚਾਰ ਦੇ ਲਈ ਇਹ ਦਲੀਲ ਦਿੱਤੀ ਸੀ: "ਸਾਲ ਨਹੀਂ ਦਿੱਤਾ ਗਿਆ ਹੈ, ਪਰ 20:22-29 ਦੀ 33:38 ਨਾਲ ਤੁਲਨਾ ਇਸ ਸਿੱਟੇ ਵੱਲ ਲੈ ਕੇ ਜਾਂਦੀ ਹੈ ਕਿ ਇਹ ਮਿਤੀ ਕੂਚ ਦੇ ਚਾਲੀਵੇਂ ਸਾਲ ਵਿਚ ਹੈ; ਅਰਥਾਤ, ਪਹਿਲੇ ਅਧਿਆਵਾਂ ਦੀਆਂ ਘਟਨਾਵਾਂ ਤੋਂ ਅਠੱਤੀ ਸਾਲਾਂ ਬਾਅਦ।"[10] ਉਨ੍ਹਾਂ ਦੇ ਪਾਪ ਦੇ ਕਾਰਣ, ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਚਾਲੀ ਵਰਹੇ ਉਜਾੜ ਵਿਚ ਭਟਕਣ ਦੇ ਲਈ ਭੇਜ ਦਿੱਤਾ। ਲਾਲ ਸਮੁੰਦਰ ਨੂੰ ਪਾਰ ਕਰਨ ਦੇ ਸਮੇਂ ਤੋਂ ਲੈ ਕੇ ਸੀਨਈ ਤੱਕ ਪਹੁੰਚਣ ਤੱਕ ਚਾਲੀ ਵਰਿਹਾਂ ਦੇ ਪੂਰੇ ਹੋਣ ਨੂੰ ਸ਼ਾਮਲ ਕੀਤਾ ਗਿਆ ਹੈ। ਹਾਰੂਨ ਹੋਰ ਪਹਾੜ ਉੱਤੇ ਮਰ ਗਿਆ ਅਤੇ ਇਸਰਾਏਲ ਦੇ ਮਿਸਰ ਵਿੱਚੋਂ ਨਿੱਕਲਣ ਤੋਂ ਬਾਅਦ ਚਾਲੀਵੇਂ ਵਰਹੇ ਦੇ ਪੰਜਵੇਂ ਮਹੀਨੇ ਦੇ ਪਹਿਲੇ ਦਿਨ ਦਫ਼ਨਾਇਆ ਗਿਆ (33:38)।

ਬਿਵਸਥਾ ਸਾਰ ਵਿਚ ਪਾਏ ਜਾਣ ਵਾਲੇ ਭਾਸ਼ਣ ਮੂਸਾ ਨੇ ਇਸਰਾਏਲ ਦੇ ਛੁਟਕਾਰੇ ਦੇ ਚਾਲੀਵੇਂ ਵਰਹੇ ਦੇ ਗਿਆਰ੍ਹਵੇਂ ਮਹੀਨੇ ਦੀ ਪਹਿਲੀ ਤਰੀਕ ਨੂੰ ਦੇਣੇ ਸ਼ੁਰੂ ਕੀਤੇ ਸਨ (ਬਿਵਸਥਾ ਸਾਰ 1:3)। ਬਿਵਸਥਾ ਸਾਰ ਦੀ ਪੁਸਤਕ ਇਹ ਵੀ ਦੱਸਦੀ ਹੈ ਕਿ ਇਸਰਾਏਲ ਨੇ ਉਜਾੜ ਵਿਚ ਲਗਭਗ ਚਾਲੀ ਵਰਹੇ ਬਿਤਾਏ ਸਨ (ਬਿਵਸਥਾ ਸਾਰ 2:7) ਅਤੇ ਇਹ ਕਿ ਉਸ ਸਮੇਂ ਤੋਂ ਇਸਰਾਏਲੀਆਂ ਦੇ ਕਾਦੇਸ਼ ਤੋਂ ਤੁਰ ਕੇ "ਜ਼ਾਰਦ ਦੇ ਨਾਲੇ ਦੇ ਉੱਤੋਂ ਲੰਘਣ ਤੀਕ" ਅਤੇ "ਜਦ ਤੀਕ ਉਸ ਪੀੜ੍ਹੀ ਦੇ ਸਾਰੇ ਜੋਧੇ ਡੇਰਿਆਂ ਵਿੱਚੋਂ ਮਰ ਮਿਟ ਨਾ ਗਏ" ਅਠੱਤੀ ਵਰਹੇ ਬੀਤ ਗਏ (ਬਿਵਸਥਾ ਸਾਰ 2:14)।

ਇਹ ਸਮੇਂ ਦੀਆਂ ਸੂਚਨਾਵਾਂ ਇਹ ਦੱਸਦੀਆਂ ਹਨ ਕਿ ਗਿਣਤੀ ਦੀ ਪੁਸਤਕ ਦੇ ਵਿਸ਼ੇ ਸਖ਼ਤ ਸਿਲਸਿਲੇਵਾਰ ਤਰਤੀਬ ਵਿਚ ਨਹੀਂ ਲਾਏ ਗਏ ਹਨ। ਇਸ ਲਈ, ਪੁਸਤਕ ਵਿਚ ਪਾਈਆਂ ਜਾਣ ਵਾਲੀਆਂ ਬਿਧੀਆਂ ਅੱਗੇ ਆਉਣ ਵਾਲੇ ਵਿਰਤਾਂਤਾਂ ਦੇ ਲਈ ਸਿਲਸਿਲੇਵਾਰ ਢੰਗ ਨਾਲ ਸੰਬੰਧਤ ਨਹੀਂ ਹਨ। ਗਿਣਤੀ ਦੀ ਪੁਸਤਕ ਵਿਚ ਹੇਠ ਲਿਖੀਆਂ ਆਇਤਾਂ ਦੱਸਦੀਆਂ ਹਨ ਕਿ ਕਦੋਂ ਕਿਹੜੀਆਂ ਘਟਨਾਵਾਂ ਵਾਪਰੀਆਂ ਸਨ:

| | |
|---|---|
| 1:1 | ਸੀਨਈ ਦੀ ਉਜਾੜ ਵਿਚ ਤੰਬੂ ਵਿਚ ਪਰਮੇਸ਼ੁਰ ਮੂਸਾ ਨਾਲ ਗੱਲ ਕਰ ਰਿਹਾ ਹੈ |
| 7:1 | ਡੇਹਰੇ ਨੂੰ ਖੜ੍ਹਾ ਕਰਨ ਤੋਂ ਬਾਅਦ ਪਵਿੱਤ੍ਰ ਕੀਤਾ ਗਿਆ |
| 7:10-88 | ਚੱਠ ਦੀਆਂ ਭੇਟਾਂ ਦਿੱਤੀਆਂ ਗਈਆਂ |
| 9:1, 2 | ਪਰਮੇਸ਼ੁਰ ਦਾ ਉਜਾੜ ਵਿਚ ਮੂਸਾ ਨਾਲ ਬੋਲਣਾ |
| 9:3, 5 | ਪਸਾਹ ਦਾ ਪਰਬ ਮਨਾਇਆ ਗਿਆ |
| 9:10, 11 | ਪਸਾਹ ਮਨਾਇਆ ਗਿਆ |
| 9:15 | ਬੱਦਲ ਨੇ ਡੇਹਰੇ ਨੂੰ ਢੱਕ ਲਿਆ |
| 10:11, 12 | ਇਸਰਾਏਲੀ ਦਾ ਸੀਨਈ ਤੋਂ ਕੂਚ ਕਰਨਾ |
| 20:1 | ਇਸਰਾਏਲ ਦਾ ਕਾਦੇਸ਼ ਵਿਚ ਪਹੁੰਚਣਾ |
| 33:3 | ਇਸਰਾਏਲ ਦਾ ਮਿਸਰ ਤੋਂ ਕੂਚ ਕਰਨਾ |
| 33:38 | ਹਾਰੂਨ ਦੀ ਮੌਤ |

## ਸੰਗਠਨ

ਗਿਣਤੀ ਦੀ ਪੁਸਤਕ ਦੀ ਇਕ ਸਪੱਸ਼ਟ ਰੂਪਰੇਖਾ ਨਹੀਂ ਹੈ। ਇਸ ਤੱਥ ਨੂੰ ਧਿਆਨ ਵਿਚ ਰੱਖਦੇ ਹੋਏ, ਉਦਾਰਵਾਦੀ ਆਲੋਚਕਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਇਹ ਪੁਸਤਕ, ਇਸ ਦੇ

ਵਿਸ਼ੇ ਦੀ ਵਿਭਿੰਨਤਾ ਅਤੇ ਸੰਗਠਨ ਦੀ ਕਮੀ ਦੇ ਨਾਲ, ਬਿਲਕੁਲ ਵੀ "ਪੁਸਤਕ" ਕਹਾਉਣ ਦੇ ਯੋਗ ਨਹੀਂ ਹੈ।[11] ਲਿਖਤ ਨੂੰ ਸਿਰਫ ਉਨ੍ਹਾਂ ਸਮੱਗਰੀਆਂ ਦਾ ਸੰਗ੍ਰਹਿ ਸਮਝਿਆ ਜਾਂਦਾ ਹੈ ਜੋ ਹੋਰ ਕਿਤੇ ਫਿੱਟ ਨਹੀਂ ਬੈਠਦੀਆਂ। ਇਹ ਸੱਚ ਹੈ ਕਿ ਰੂੜ੍ਹੀਵਾਦੀ ਵਿਦਵਾਨਾਂ ਨੇ ਵੀ ਇਹ ਸਵੀਕਾਰ ਕੀਤਾ ਹੈ ਕਿ ਇਸ ਦੀ ਬਣਤਰ ਥੋੜ੍ਹੀ ਜਿਹੀ ਤਰਕਪੂਰਣ ਹੈ। ਜੇਮਸ ਬਰਟਨ ਕੌਫਮੈਨ ਨੇ ਸੋਚਿਆ ਕਿ ਪੁਸਤਕ ਵਿਚ ਸਿਰਫ ਸੰਗਠਤ ਕਰਨ ਵਾਲਾ ਸਿਧਾਂਤ ਜਿਸ ਦਾ ਪਾਲਣ ਕੀਤਾ ਗਿਆ ਹੈ ਉਹ ਹੈ ਤਰਤੀਬ ਦਾ ਸਿਧਾਂਤ। ਉਹ ਐਡਮ ਕਲਾਰਕ ਦੇ ਵਿਚਾਰ ਨਾਲ ਸਹਿਮਤ ਸੀ ਕਿ ਗਿਣਤੀ ਦੀ ਪੁਸਤਕ ਨੂੰ ਮੂਸਾ ਦੀ ਡਾਇਰੀ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ।[12]

ਹੋਰ ਲੇਖਕ ਪੁਸਤਕ ਦੇ ਵਿਸ਼ਿਆਂ ਵਿਚ ਤਰਕਪੂਰਣ ਪ੍ਰਬੰਧ ਨੂੰ ਲੱਭਣ ਦੀ ਸੰਭਾਵਨਾ ਬਾਰੇ ਜ਼ਿਆਦਾ ਸਕਾਰਾਤਮਕ ਰਹੇ ਹੋਣਗੇ। ਪੁਸਤਕ ਵਿਚ ਉਹ ਸੰਗਠਨ ਜਿਸ ਦਾ ਆਮ ਤੌਰ ਤੇ ਪਾਲਣ ਕੀਤਾ ਗਿਆ ਹੈ ਭੂਗੋਲਿਕ ਖੇਤਰਾਂ ਤੇ ਤਿੰਨ ਤਰ੍ਹਾਂ ਦੀ ਵੰਡ ਤੇ ਅਧਾਰਿਤ ਹੈ:

I. ਸੀਨਈ ਵਿਚ
II. ਕਾਦੇਸ਼ ਵਿਚ
III. ਮੋਆਬ ਦੇ ਮਦਾਨ ਵਿਚ

ਡੈਨਿਸ ਟੀ. ਓਲਸਨ ਨੇ ਟਿੱਪਣੀ ਕੀਤੀ ਸੀ ਕਿ ਦੋ ਗਿਣਤੀਆਂ ਪੁਸਤਕ ਨੂੰ ਦੋ ਭਾਗਾਂ ਵਿਚ ਵੰਡਦੀਆਂ ਹਨ:[13]

I. ਪੁਰਾਣੀ ਉਜਾੜ ਵਾਲੀ ਪੀੜ੍ਹੀ ਦੀ ਮੌਤ (1-25)
II. ਵਾਅਦੇ ਦੀ ਧਰਤੀ ਦੇ ਕੰਢੇ ਤੇ ਨਵੀਂ ਪੀੜ੍ਹੀ ਦਾ ਉਥਾਨ (26-36)

ਗਿਣਤੀ 1-25 ਅਧਿਆਇ ਪੁਰਾਣੀ ਪੀੜ੍ਹੀ, ਉਨ੍ਹਾਂ ਦੀ ਅਸਫ਼ਲਤਾ ਅਤੇ ਉਨ੍ਹਾਂ ਦੇ ਆਖ਼ਰੀ ਇੰਤਕਾਲ ਦੇ ਬਾਰੇ ਹਨ; ਇਸ ਭਾਗ ਦਾ ਵਿਸ਼ਾ ਪਾਪ ਅਤੇ ਮੌਤ ਹੈ। ਗਿਣਤੀ 26-36 ਅਧਿਆਇ ਨਵੀਂ ਪੀੜ੍ਹੀ ਬਾਰੇ ਹਨ; ਇਸ ਦਾ ਵਿਸ਼ਾ ਆਸ ਹੈ। ਓਲਸਨ ਇਹ ਵਿਚਾਰ ਰੱਖਦਾ ਸੀ ਕਿ ਇਸ ਪੁਸਤਕ ਨੂੰ "ਪੁਰਾਣੇ ਦੀ ਮੌਤ ਅਤੇ ਨਵੇਂ ਦਾ ਜਨਮ" ਸਿਰਲੇਖ ਦਿੱਤਾ ਜਾ ਸਕਦਾ ਸੀ।[14]

ਇਕ ਹੋਰ ਰੂਪਰੇਖਾ ਇਸ ਸੱਚਾਈ ਤੇ ਅਧਾਰਿਤ ਹੈ ਕਿ ਪੁਸਤਕ ਦਾ ਜ਼ਿਆਦਾਤਰ ਹਿੱਸਾ ਵਾਅਦੇ ਦੀ ਧਰਤੀ ਵੱਲ ਨੂੰ ਜਾਂਦਿਆਂ ਇਸਰਾਏਲੀਆਂ ਦੇ ਪਾਰਾਨ ਦੀ ਉਜਾੜ ਵਿੱਚੋਂ ਦੀ ਸਫ਼ਰ ਦੌਰਾਨ ਹੋਏ ਉਨ੍ਹਾਂ ਦੇ ਅਨੁਭਵਾਂ ਦੇ ਬਾਰੇ ਹੈ। ਇਸ ਦ੍ਰਿਸ਼ਟੀਕੋਣ ਤੋਂ, ਗਿਣਤੀ ਦੀ ਪੁਸਤਕ ਨੂੰ ਹੇਠਾਂ ਦਿੱਤੇ ਤਿੰਨ ਸਿਰਲੇਖਾਂ ਨਾਲ ਵੇਖਿਆ ਜਾ ਸਕਦਾ ਹੈ:

I. ਉਜਾੜ ਵਿਚ ਸਫ਼ਰ ਕਰਨ ਦੇ ਲਈ ਤਿਆਰੀ (1-10)
II. ਉਜਾੜ ਵਿਚ ਸਫ਼ਰ (11-25)
III. ਉਜਾੜ ਵਿੱਚੋਂ ਦੀ ਸਫ਼ਰ ਕਰਕੇ ਵਾਅਦੇ ਦੇ ਦੇਸ ਵਿਚ ਜਾਣ ਦੇ ਲਈ ਤਿਆਰੀ (26-36)

ਅਜਿਹਾ ਵਿਸ਼ਲੇਸ਼ਣ ਦੱਸਦਾ ਹੈ ਕਿ ਪੁਸਤਕ ਦੇ ਪਹਿਲੇ ਅਤੇ ਆਖ਼ਰੀ ਭਾਗਾਂ ਵਿਚ ਜ਼ਿਆਦਾਤਰ ਕਾਨੂੰਨੀ ਅਤੇ ਪੁਰਾਣੀ ਸਮੱਗਰੀ ਹੈ, ਜਦ ਕਿ ਅੱਧ ਵਿਚਾਲੇ ਜੋ ਭਾਗ ਹੈ ਉਸ ਵਿਚ ਜ਼ਿਆਦਾਤਰ ਬਿਰਤਾਂਤ ਹਨ।

ਇਸ ਕਮੈਂਟਰੀ ਵਿਚ ਵਰਤੀ ਗਈ ਰੂਪਰੇਖਾ ਭੂਗੋਲਿਕ ਰੂਪਰੇਖਾ ਦਾ ਇਕ ਪਰਿਵਰਤਨ ਹੈ ਅਤੇ ਗਿਣਤੀ ਦੀ ਪੁਸਤਕ ਨੂੰ "ਉਜਾੜ ਵਿਚ" ਇਸਰਾਏਲ ਦੇ ਸਮੇਂ ਦੇ ਇਕ ਰੋਜ਼ਨਾਮੇ ਦੇ ਰੂਪ

ਵਿਚ ਮੰਨਦਾ ਹੈ।

I. ਸੀਨਈ ਦੀ ਉਜਾੜ ਵਿਚ (1:1-10:10)
II. ਪਾਰਾਨ ਦੀ ਉਜਾੜ ਵੱਲ ਨੂੰ ਸਫ਼ਰ (10:11-12:16)
III. ਪਾਰਾਨ ਦੀ ਉਜਾੜ ਵਿਚ (13:1-20:21)
IV. ਮੋਆਬ ਦੇ ਮਦਾਨ ਵੱਲ ਨੂੰ ਸਫ਼ਰ (20:22-22:1)
V. ਮੋਆਬ ਦੇ ਮਦਾਨ ਵਿਚ (22:2-36:13)

# ਪ੍ਰਾਸੰਗਿਕਤਾ

## ਮਨੁੱਖ ਦਾ ਪਾਪ ਅਤੇ ਪਰਮੇਸ਼ੁਰ ਦਾ ਪਿਆਰ

ਪੂਰੇ ਇਤਹਾਸ ਵਿਚ, ਗਿਣਤੀ ਦੀ ਪੁਸਤਕ ਨੂੰ ਤੁੱਛ ਸਮਝਿਆ ਗਿਆ ਅਤੇ ਇਸ ਦਾ ਤਿਰਸਕਾਰ ਕੀਤਾ ਗਿਆ ਹੈ। ਜਦੋਂ ਮੈਨੂੰ 1990 ਦੇ ਲਗਭਗ ਲਿਪਸਕੋਂਬ ਯੂਨੀਵਰਸਿਟੀ ਵਿਚ ਗਿਣਤੀ ਦੀ ਪੁਸਤਕ ਤੇ ਗ੍ਰੈਜੂਏਟ ਕੋਰਸ ਪੜ੍ਹਾਉਣ ਦੇ ਲਈ ਕਿਹਾ ਗਿਆ, ਮੈਂ ਸੋਚਿਆ, "ਗਿਣਤੀ ਦੀ ਪੁਸਤਕ! ਕੌਣ ਗਿਣਤੀ ਦੀ ਪੁਸਤਕ ਦੇ ਬਾਰੇ ਪੜ੍ਹਾਉਣਾ ਚਾਹੁੰਦਾ ਹੈ?" ਪਰ, ਬਾਅਦ ਵਿਚ ਜਦੋਂ ਮੈਂ ਇਸ ਪੁਸਤਕ ਦੇ ਬਾਰੇ ਸਿੱਖਿਆ ਦਿੱਤੀ ਤਾਂ ਮੈਨੂੰ ਪਤਾ ਲੱਗਾ ਕਿ ਗਿਣਤੀ ਦੀ ਪੁਸਤਕ ਇਕ ਅਦਭੁਤ ਲਿਖਤ ਹੈ ਜੋ ਕਿ ਆਤਮਿਕ ਪਾਠਾਂ ਨਾਲ ਭਰੀ ਪਈ ਹੈ।

ਅਸੀਂ ਗਿਣਤੀ ਦੀ ਪੁਸਤਕ ਦੇ ਅਧਿਐਨ ਨੂੰ ਇਸ ਦੇ ਇਤਹਾਸਕ ਮਾਹੌਲ ਦੀ ਸਮੀਖਿਆ ਕਰਨ ਦੁਆਰਾ ਸ਼ੁਰੂ ਕਰ ਸਕਦੇ ਹਾਂ। ਕੂਚ ਦੀ ਪੁਸਤਕ ਦੱਸਦੀ ਹੈ ਕਿ ਕਿਵੇਂ ਪਰਮੇਸ਼ੁਰ ਇਸਰਾਏਲੀਆਂ ਨੂੰ ਮਿਸਰ ਵਿੱਚੋਂ ਬਾਹਰ ਕੱਢ ਕੇ ਲਿਆਇਆ ਸੀ, ਸੀਨਈ ਵਿਚ ਉਸ ਨੇ ਆਪਣੀ ਪਰਜਾ ਨਾਲ ਇਕ ਨੇਮ ਬੰਨ੍ਹਿਆ ਅਤੇ ਉਨ੍ਹਾਂ ਨੂੰ ਬਿਵਸਥਾ ਅਤੇ ਡੇਹਰੇ ਨੂੰ ਬਣਾਉਣ ਦੇ ਲਈ ਹਦਾਇਤਾਂ ਦਿੱਤੀਆਂ। ਕੂਚ ਦੀ ਪੁਸਤਕ ਡੇਹਰੇ ਨੂੰ ਸੰਪੂਰਣ ਕਰਨ ਦੇ ਨਾਲ ਖਤਮ ਹੁੰਦੀ ਹੈ। ਫਿਰ ਲੇਵੀਆਂ ਦੀ ਪੁਸਤਕ ਵਿਚ ਪਰਮੇਸ਼ੁਰ ਦੁਆਰਾ ਇਸਰਾਏਲੀਆਂ ਨੂੰ ਉਸ ਵਰਹੇ ਦੌਰਾਨ ਜੋ ਲੋਕਾਂ ਨੇ ਸੀਨਈ ਵਿਚ ਬਿਤਾਇਆ ਸੀ ਹੋਰ ਕਈ ਬਿਧੀਆਂ - ਖਾਸਕਰ ਉਹ ਜਿਹੜੀਆਂ ਪਰਬਾਂ, ਰਸਮਾਂ ਅਤੇ ਮੂਸਾ ਦੀ ਵਿਵਸਥਾ ਦੇ ਬਲੀਦਾਨਾਂ ਨਾਲ ਸੰਬੰਧਤ ਹਨ - ਦਿੱਤੀਆਂ ਸਨ।

ਗਿਣਤੀ ਦੀ ਪੁਸਤਕ ਵਿਚ ਦੋ ਜ਼ੋਰ ਹਨ, ਹਰੇਕ ਜਿਹੜਾ ਕਿ ਪੁਸਤਕ ਨੂੰ ਦਿੱਤੇ ਗਏ ਨਾਵਾਂ ਦੁਆਰਾ ਸਮਝਾਇਆ ਗਿਆ ਹੈ। ਪਹਿਲਾਂ ਨਾਮ ਜੋ ਕਿ ਇਬਰਾਨੀ ਵਿਚ ਹੈ ਉਸ ਦਾ ਅਰਥ ਹੈ "ਉਜਾੜ ਵਿਚ"; ਦੂਜਾ ਨਾਮ ਹੈ "ਗਿਣਤੀ" ਜਿਹੜਾ ਕਿ ਸਪਤਤੀ ਵਿਚ ਯੂਨਾਨੀ ਨਾਮ ਤੋਂ ਆਉਂਦਾ ਹੈ।

*"ਉਜਾੜ ਵਿਚ": ਇਸਰਾਏਲ ਦਾ ਪਾਪ।* "ਉਜਾੜ ਵਿਚ" ਵਾਕ ਪੁਸਤਕ ਦੇ ਲਈ ਇਕ ਢੁਕਵਾਂ ਨਾਮ ਹੈ ਜੋ ਕਿ ਮੁੱਖ ਰੂਪ ਵਿਚ ਉਨ੍ਹਾਂ ਚਾਲੀ ਵਰਿਹਾਂ ਤੇ ਬਾਈਬਲ ਅਧਾਰਿਤ ਜਾਣਕਾਰੀ ਪ੍ਰਦਾਨ ਕਰਦਾ ਹੈ ਜੋ ਇਸਰਾਏਲੀਆਂ ਨੇ ਉਜਾੜ ਵਿਚ ਇੱਧਰ-ਉੱਧਰ ਭਟਕਦਿਆਂ ਗੁਜਾਰੇ ਸਨ। ਇਸ ਪੁਸਤਕ ਵਿਚ, ਸਾਨੂੰ ਇਹ ਪਤਾ ਲੱਗਦਾ ਹੈ ਕਿ ਇਹ ਉਸ ਸਮਾਂ ਸੀ ਜਦੋਂ ਇਸਰਾਏਲੀ ਲੋਕ ਨਿਰੰਤਰ ਬੁੜਬੁੜਾਉਂਦੇ ਰਹੇ ਅਤੇ ਪਰਮੇਸ਼ੁਰ ਦੇ ਵਿਰੁੱਧ ਬਗਾਵਤ ਕੀਤੀ। ਪਰਮੇਸ਼ੁਰ ਦੀ ਸਜ਼ਾ ਦੇ ਨਾਲ-ਨਾਲ ਉਨ੍ਹਾਂ ਦੇ ਪਾਪਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ:

11:1-3 ਤਬਏਰਾਹ ਵਿਚ ਲੋਕ ਬੁੜਬੁੜਾਏ ਅਤੇ ਯਹੋਵਾਹ ਦੀ ਅੱਗ ਨੇ ਉਨ੍ਹਾਂ ਨੂੰ ਭਸਮ ਕਰ ਸੁੱਟਿਆ।

| | |
|---|---|
| 11:4-35 | ਉਹ ਬੁੜਬੁੜਾਏ ਕਿਉਂਕਿ ਉਨ੍ਹਾਂ ਦੇ ਕੋਲ ਖਾਣ ਨੂੰ ਮਾਸ ਨਹੀਂ ਸੀ। ਪਰਮੇਸ਼ੁਰ ਨੇ ਬਟੇਰੇ ਘੱਲੇ, ਪਰ ਉਸ ਨੇ ਬਵਾ ਵੀ ਘੱਲੀ। |
| 12:1-15 | ਮਿਰਯਮ ਅਤੇ ਹਾਰੂਨ ਨੇ ਮੂਸਾ ਦੇ ਇਖ਼ਤਿਆਰ ਦੇ ਵਿਰੁੱਧ ਬਗਾਵਤ ਕੀਤੀ। ਮਿਰਯਮ ਨੂੰ ਕੋੜ੍ਹ ਪੈ ਗਿਆ। |
| 13:1-14:35 | ਉਨ੍ਹਾਂ ਨੇ ਦਸ ਖੋਜੀਆਂ ਦੀ ਝੂਠੀ ਰਪੋਟ ਦੇ ਵਿਸ਼ਵਾਸ ਕੀਤਾ ਅਤੇ ਵਾਅਦੇ ਦੀ ਧਰਤੀ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਤੋਂ ਇਨਕਾਰ ਕਰ ਦਿੱਤਾ। ਕੁਝ ਲੋਕ ਤਾਂ ਉਸੇ ਵੇਲੇ ਮਰ ਗਏ ਅਤੇ ਸਾਰੇ ਬਾਲਗ (ਯਹੋਸ਼ੁਆ ਅਤੇ ਕਾਲੇਬ ਨੂੰ ਛੱਡ ਕੇ) ਉਜਾੜ ਵਿਚ ਮਰਨ ਦੇ ਲਈ ਦੋਸ਼ੀ ਠਹਿਰੇ। |
| 15:32-36 | ਇਕ ਮਨੁੱਖ ਨੇ ਸਬਤ ਦੇ ਦਿਨ ਲੱਕੜੀਆਂ ਚੁਗ ਕੇ ਪਰਮੇਸ਼ੁਰ ਦੀ ਸ਼ਰਾ ਨੂੰ ਤੋੜਿਆ ਅਤੇ ਉਸ ਨੂੰ ਪੱਥਰਾਂ ਨਾਲ ਮਾਰ ਦਿੱਤਾ ਗਿਆ। |
| 16:1-35 | ਕੋਰਹ, ਦਾਥਾਨ, ਅਬੀਰਾਮ ਅਤੇ 250 ਹੋਰ ਮਨੁੱਖਾਂ ਨੇ ਮੂਸਾ ਦੀ ਆਗੂ ਹੋਣ ਦੇ ਵਿਰੁੱਧ ਬਗਾਵਤ ਕੀਤੀ ਅਤੇ ਇਸ ਦੇ ਨਤੀਜੇ ਵਜੋਂ ਮਾਰੇ ਗਏ। |
| 16:41-50 | ਲੋਕਾਂ ਨੇ ਵਿਦਰੋਹ ਕਰਨ ਵਾਲਿਆਂ ਨਾਲ ਹਮਦਰਦੀ ਵਿਖਾਈ ਅਤੇ ਮੂਸਾ ਦੇ ਵਿਰੁੱਧ ਬੁੜਬੁੜਾਏ। ਪਰਮੇਸ਼ੁਰ ਨੇ ਬਵਾ ਘੱਲੀ; ਇਹ ਬਵਾ ਰੁਕਣ ਤੋਂ ਪਹਿਲਾਂ ਲਗਭਗ 15,000 ਲੋਕ ਮਾਰੇ ਗਏ। |
| 20:9-12 | ਮੂਸਾ ਨੇ ਖੁਦ ਢਿੱਗ ਨੂੰ ਬੋਲਣ ਦੀ ਬਜਾਇ ਢਿੱਗ ਤੇ ਢਾਂਗਾ ਮਾਰ ਕੇ ਪਾਪ ਕੀਤਾ ਸੀ। ਪਰਮੇਸ਼ੁਰ ਨੇ ਉਸ ਨੂੰ ਵਾਅਦੇ ਦੀ ਧਰਤੀ ਵਿਚ ਦਾਖਲ ਨਹੀਂ ਸੀ ਹੋਣ ਦਿੱਤਾ। |
| 21:4-6 | ਲੋਕ ਪਰਮੇਸ਼ੁਰ ਅਤੇ ਮੂਸਾ ਦੇ ਵਿਰੁੱਧ ਬੋਲੇ ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਅਗਨੀ ਸੱਪਾਂ ਨਾਲ ਸਜ਼ਾ ਦਿੱਤੀ ਸੀ। |
| 24:1-15 | ਉਨ੍ਹਾਂ ਨੇ ਮੋਆਬ ਦੀਆਂ ਕੁੜੀਆਂ ਨਾਲ ਪਾਪ ਕੀਤਾ ਸੀ; ਪਰਮੇਸ਼ੁਰ ਨੇ ਇੱਕੋ ਦਿਨ ਵਿਚ 24,000 ਲੋਕਾਂ ਨੂੰ ਮਾਰਨ ਦੇ ਲਈ ਬਵਾ ਘੱਲੀ ਸੀ। |

ਇਨ੍ਹਾਂ ਘਟਨਾਵਾਂ ਦੇ ਕਾਰਣ, "ਪਾਪ ਅਤੇ ਸਜ਼ਾ" ਨੂੰ ਪੁਸਤਕ ਦੇ ਪ੍ਰਮੁੱਖ ਵਿਸ਼ੇ ਦੇ ਰੂਪ ਵਿਚ ਸਮਝਿਆ ਜਾਣਾ ਚਾਹੀਦਾ ਹੈ।

ਲਿਖਤ ਦੱਸਦੀ ਹੈ ਕਿ ਉਹ ਸਫ਼ਰ ਜਿਸ ਨੂੰ ਪੂਰਾ ਕਰਨ ਵਿਚ ਸਿਰਫ ਕੁਝ ਹਫ਼ਤੇ ਜਾਂ ਕੁਝ ਮਹੀਨੇ ਲੱਗਣੇ ਚਾਹੀਦੇ ਸਨ ਕਿਵੇਂ ਚਾਲੀ ਸਾਲ ਲੱਗ ਗਏ। ਜੇਕਰ ਇਸਰਾਏਲੀਆਂ ਨੇ ਪਾਪ ਨਾ ਕੀਤਾ ਹੁੰਦਾ, ਤਾਂ ਉਨ੍ਹਾਂ ਨੇ ਉਜਾੜ ਵਿਚ ਲਗਭਗ ਚਾਲੀ ਸਾਲ ਇੱਧਰ-ਉੱਧਰ ਭਟਕਣ ਦੀ ਬਜਾਇ ਸਿੱਧਾ ਵਾਅਦੇ ਦੀ ਧਰਤੀ ਵਿਚ ਦਾਖ਼ਲ ਹੋ ਜਾਣਾ ਸੀ! ਇਹ ਉਦਾਹਰਣਾਂ ਸਾਨੂੰ ਪਾਪ ਦੀ ਤ੍ਰਾਸਦੀ ਬਾਰੇ ਸਿੱਖਿਆ ਦਿੰਦੀਆਂ ਹਨ, ਕਿਉਂਕਿ ਪਰਮੇਸ਼ੁਰ ਉਨ੍ਹਾਂ ਉੱਤੇ ਸਜ਼ਾ ਘੱਲਦਾ ਹੈ ਜਿਹੜੇ ਉਸ ਦੀ ਅਣਆਗਿਆਕਾਰੀ ਕਰਦੇ ਹਨ।

*"ਗਿਣਤੀ": ਪਰਮੇਸ਼ੁਰ ਦਾ ਪਿਆਰ।* ਪਰ, ਸਮੱਗਰੀ ਬਾਰੇ ਹੋਰ ਵੀ ਬਹੁਤ ਕੁਝ ਕਿਹਾ ਜਾਣ ਵਾਲਾ ਬਾਕੀ ਹੈ। ਇਸ ਪੁਸਤਕ ਵਿਚ ਪਾਈਆਂ ਜਾਣ ਵਾਲੀਆਂ ਦੋ ਗਿਣਤੀਆਂ ਦੇ ਕਾਰਣ ਇਸ ਨੂੰ "ਗਿਣਤੀ" ਦੀ ਪੁਸਤਕ ਕਿਹਾ ਜਾਂਦਾ ਹੈ। ਇਨ੍ਹਾਂ ਵਿੱਚੋਂ ਇਕ ਅਧਿਆਇ 1 ਵਿਚ ਪਾਈ ਜਾਂਦੀ ਹੈ। ਦੂਜੀ ਪੁਸਤਕ ਦੇ ਅੰਤ ਵਿਚ ਮਿਲਦੀ ਹੈ, ਉਸ ਸਮੇਂ ਦੇ ਨੇੜੇ ਜਦੋਂ ਅਧਿਆਇ 26 ਵਿਚ ਇਸਰਾਏਲ ਦੀ ਨਵੀਂ ਪੀੜ੍ਹੀ ਵਾਅਦੇ ਦੀ ਧਰਤੀ ਵਿਚ ਦਾਖ਼ਲ ਹੋਈ।

ਗਿਣਤੀ ਜਿਹੜੀ ਕਿ ਗਿਣਤੀਆਂ ਦੇ ਨਤੀਜੇ ਵਜੋਂ ਸਾਹਮਣੇ ਆਈ ਸੀ ਲਗਭਗ ਇੱਕੋ ਜਿਹੀ ਹੈ। ਦੋਹਾਂ ਵਿਚ, ਸਿਰਫ ਵੀਹ ਵਰਿਹਾਂ ਦੇ ਯਾ ਉੱਪਰ ਦੇ ਮਨੁੱਖਾਂ ਨੂੰ ਗਿਣਿਆ ਗਿਆ ਸੀ। ਉਨ੍ਹਾਂ

ਦੀ ਪਹਿਲੀ ਗਿਣਤੀ ਵਿਚ, ਜਿਹੜੇ ਗਿਣੇ ਗਏ ਸਨ ਉਹ ਕੁੱਲ ਮਿਲਾ ਕੇ 603,550 ਸਨ (1:46); ਦੂਜੀ ਗਿਣਤੀ ਵਿਚ, ਜਿਹੜੇ ਗਿਣੇ ਗਏ ਸਨ ਉਹ ਕੁੱਲ ਮਿਲਾ ਕੇ 601,730 ਸਨ (26:51)। ਵਿਅਕਤੀਗਤ ਗੋਤਾਂ ਦੇ ਲਈ ਗਿਣਤੀ ਬਦਲ ਗਈ ਸੀ, ਪਰ ਕੁੱਲ ਜੋੜ ਅਠੱਤੀ ਵਰਿਹਾਂ ਬਾਅਦ ਇਕ ਗਿਣਤੀ ਤੋਂ ਅਗਲੀ ਗਿਣਤੀ ਤੱਕ ਕਾਫੀ ਜ਼ਿਆਦਾ ਬਦਲਿਆਂ ਨਹੀਂ ਸੀ।

ਦੋ ਗਿਣਤੀਆਂ ਕਿਉਂ ਜ਼ਰੂਰੀ ਸਨ? ਪਰਤੱਖ ਰੂਪ ਵਿਚ, ਦੋਹਾਂ ਸਾਰਣੀਆਂ ਦੇ ਕੁਝ ਨਾ ਕੁਝ ਵੱਖਰੇ ਉਦੇਸ਼ ਸਨ। ਪਹਿਲੀ ਗਿਣਤੀ ਵਿਚ, ਜ਼ੋਰ ਇਸਰਾਏਲ ਦੇ ਮਨੁੱਖਾਂ ਨੂੰ ਉਨ੍ਹਾਂ ਦੇ ਵੈਰੀਆਂ ਦੇ ਵਿਰੁੱਧ ਜੁੱਧ ਲੜਨ ਦੇ ਲਈ ਤਿਆਰ ਕਰਨ ਦੀ ਲੋੜ ਤੇ ਰਿਹਾ ਹੋਵੇਗਾ (1:2, 3)। ਦੂਜੀ ਗਿਣਤੀ ਦਾ ਸੰਬੰਧ ਇਸਰਾਏਲੀਆਂ ਦੇ ਕਨਾਨ ਵਿਚ ਦਾਖ਼ਲ ਹੋਣ ਤੋਂ ਬਾਅਦ ਧਰਤੀ ਦੀ ਸੰਭਾਵਿਤ ਵੰਡ ਨਾਲ ਸੀ (26:53-55)।

ਦੂਜੀ ਗਿਣਤੀ ਲਈ ਇਕ ਹੋਰ, ਅਨਿਸ਼ਚਿਤ ਕਾਰਣ ਸੰਭਵ ਹੈ: ਪਰਮੇਸ਼ੁਰ ਦਾ ਆਪਣੀ ਪਰਜਾ ਦੇ ਲਈ ਪਿਆਰ ਭਰੇ ਫਿਕਰ ਅਤੇ ਚਿੰਤਾ ਨੂੰ ਦਿਖਾਉਣਾ। ਪਰਮੇਸ਼ੁਰ ਨੇ ਇਸਰਾਏਲੀਆਂ ਦੀ ਗਿਣਤੀ ਨੂੰ ਵਧਾ ਕੇ ਉਨ੍ਹਾਂ ਨੂੰ ਬਰਕਤ ਦਿੱਤੀ ਸੀ ਜਦੋਂ ਉਹ ਹਾਲੇ ਮਿਸਰ ਵਿਚ ਹੀ ਸਨ। ਇਸਰਾਏਲੀ 600,000 ਤੋਂ ਵੱਧ ਬਾਲਗ ਪੁਰਸ਼ਾਂ ਸਮੇਤ ਵੱਡੀ ਗਿਣਤੀ ਵਿਚ ਮਿਸਰ ਦੇ ਵਿੱਚੋਂ ਨਿੱਕਲੇ ਸਨ। ਉਜਾੜ ਵਿਚ ਇਸਰਾਏਲੀਆਂ ਦੇ ਵਰਹੇ ਬਹੁਤ ਵੱਖਰੇ ਸਨ। ਉਨ੍ਹਾਂ ਨੂੰ ਦੁਸ਼ਮਣ ਗੋਤਾਂ ਨਾਲ ਸੰਤੋਖ ਕਰਨਾ ਪਿਆ ਸੀ। ਇਸ ਤੋਂ ਇਲਾਵਾ, ਇਸਰਾਏਲੀ ਉਨ੍ਹਾਂ ਦੇ ਆਪਣੇ ਹੀ ਸਭ ਤੋਂ ਬੁਰੇ ਦੁਸ਼ਮਣ ਸਨ। ਕਿਉਂਕਿ ਉਨ੍ਹਾਂ ਨੇ ਬਾਰ-ਬਾਰ ਪਾਪ ਕੀਤਾ ਸੀ, ਉਨ੍ਹਾਂ ਵਿੱਚੋਂ ਹਜ਼ਾਰਾਂ ਲੋਕ ਉਨ੍ਹਾਂ ਬਵਾਂ ਨਾਲ ਮਾਰੇ ਗਏ ਸਨ ਜੋ ਪਰਮੇਸ਼ੁਰ ਦੁਆਰਾ ਘੱਲੀਆਂ ਗਈਆਂ ਸਨ। ਫਿਰ ਵੀ, ਦੂਜੀ ਗਿਣਤੀ ਇਹ ਦੱਸਦੀ ਸੀ ਕਿ ਉਜਾੜ ਵਿਚ ਉਨ੍ਹਾਂ ਦੇ ਸਮੇਂ ਦੇ ਅੰਤ ਦੇ ਨੇੜੇ, ਉੱਥੇ ਲਗਭਗ ਓਨੇ ਹੀ ਇਸਰਾਏਲੀ ਸਨ ਜਿੰਨੇ ਉਸ ਦੇ ਸ਼ੁਰੂਆਤ ਵਿਚ ਸਨ। ਇਹ ਤੱਥ ਕਿ ਗਿਣਤੀ ਕਾਫੀ ਜ਼ਿਆਦਾ ਘਟੀ ਨਹੀਂ ਸੀ ਪਰਮੇਸ਼ੁਰ ਦੀ ਭਲਿਆਈ ਦੀ ਗਵਾਹੀ ਹੈ।

ਜੋ ਲੋਕ ਗਿਣਤੀ ਦੀ ਪੁਸਤਕ ਵਿਚ ਦੱਸੀ ਗਈ ਕਹਾਣੀ ਨੂੰ ਸੁਣਦੇ ਹਨ ਅਤੇ ਜਾਣਦੇ ਹਨ ਕਿ ਦੋਵੇਂ ਗਿਣਤੀਆਂ ਲਗਭਗ ਇੱਕੋ ਜਿਹੀਆਂ ਹਨ ਉਨ੍ਹਾਂ ਨੂੰ ਪਰਮੇਸ਼ੁਰ ਦੀਆਂ ਇਨ੍ਹਾਂ ਵਿਸ਼ੇਸ਼ਤਾਵਾਂ ਬਾਰੇ ਚੇਤੇ ਕਰਾਇਆ ਜਾਂਦਾ ਹੈ:

1. ਉਹ ਭਲਾ ਹੈ। ਉਹ ਦਿਆਲੂ ਹੈ, ਕਿਉਂਕਿ ਉਸ ਨੇ ਉਜਾੜ ਵਿਚ ਆਪਣੇ ਲੋਕਾਂ ਨੂੰ ਪ੍ਰੇਮ ਕੀਤਾ ਅਤੇ ਉਨ੍ਹਾਂ ਦੀ ਦੇਖਭਾਲ ਕੀਤੀ। ਉਸ ਨੇ ਉਨ੍ਹਾਂ ਦਾ ਮਾਰਗ-ਦਰਸ਼ਨ ਕੀਤਾ, ਉਨ੍ਹਾਂ ਦੀ ਰੱਛਿਆ ਕੀਤੀ, ਉਨ੍ਹਾਂ ਨੂੰ ਰੋਟੀ ਨਾਲ ਰਜਾਇਆ ਅਤੇ ਉਨ੍ਹਾਂ ਦੇ ਲਈ ਪਾਣੀ ਦਾ ਬੰਦੋਬਸਤ ਕੀਤਾ।

2. ਉਹ ਕਿਰਪਾਲੂ ਹੈ। ਪਰਮੇਸ਼ੁਰ ਆਪਣੇ ਲੋਕਾਂ ਨੂੰ ਜ਼ਰੂਰਤ ਤੋਂ ਵੱਧ ਕੇ ਬਰਕਤ ਦਿੰਦਾ ਹੈ। ਜਦੋਂ ਇਸਰਾਏਲੀਆਂ ਨੇ ਪਾਪ ਕੀਤਾ, ਉਸ ਨੇ ਉਨ੍ਹਾਂ ਨੂੰ ਸਜ਼ਾ ਦਿੱਤੀ; ਪਰ ਉਹ ਉਨ੍ਹਾਂ ਨੂੰ ਵਾਪਸ ਲੈ ਗਿਆ ਅਤੇ ਉਨ੍ਹਾਂ ਨੂੰ ਮਾਫ਼ ਕੀਤਾ। ਉਸ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਪਾਪ ਦੇ ਕਾਰਣ ਤਿਆਗਿਆ ਨਹੀਂ। ਉਸ ਨੇ ਵਿਖਾਇਆ ਕਿ ਉਸ ਦੀ ਕਿਰਪਾ ਉਨ੍ਹਾਂ ਦੇ ਪਾਪ ਨਾਲੋਂ ਵੱਡੀ ਹੈ।

3. ਉਹ ਮਹਾਨ ਹੈ। ਉਹ ਉਸ ਨੂੰ ਪੂਰਾ ਕਰਨ ਦੇ ਯੋਗ ਹੈ ਜੋ ਉਹ ਸ਼ੁਰੂ ਕਰਦਾ ਹੈ, ਪਰਤੱਖ ਰੂਪ ਵਿਚ ਅਢੁੱਕਵੇਂ ਹਾਲਾਤਾਂ ਦੇ ਬਾਵਜੂਦ। ਕਿਉਂਕਿ ਪਰਮੇਸ਼ੁਰ ਭਲਾ ਅਤੇ ਕਿਰਪਾਲੂ ਹੈ, ਉਹ ਆਪਣੇ ਲੋਕਾਂ ਨੂੰ ਬਚਾਉਣਾ ਅਤੇ ਉਨ੍ਹਾਂ ਨੂੰ ਵਾਅਦੇ ਦੀ ਧਰਤੀ ਵੱਲ ਲੈ ਕੇ ਆਉਣਾ ਚਾਹੁੰਦਾ ਹੈ; ਕਿਉਂਕਿ ਉਹ ਮਹਾਨ ਅਤੇ ਸ਼ਕਤੀਸ਼ਾਲੀ ਹੈ, ਉਹ ਉਨ੍ਹਾਂ ਨੂੰ ਵਾਅਦੇ ਦੀ ਧਰਤੀ ਵੱਲ ਲਿਆ ਸਕਦਾ ਅਤੇ ਲੈ ਕੇ ਆਇਆ ਸੀ।

ਉਜਾੜ ਵਿਚ ਇਸਰਾਏਲ ਕਿਵੇਂ ਬਚਿਆ ਰਿਹਾ? ਇਸ ਸਵਾਲ ਦਾ ਜਵਾਬ ਸਿਰਫ ਇੱਕੋ

ਤਰੀਕੇ ਨਾਲ ਦਿੱਤਾ ਜਾ ਸਕਦਾ ਹੈ: ਕੌਮ ਬਚ ਰਹੀ, ਗਿਣਤੀ ਦੇ ਬਿਨ੍ਹਾਂ ਕਿਸੇ ਵੱਡੇ ਘਾਟੇ ਤੋਂ, ਪਰਮੇਸ਼ੁਰ ਦੀ ਭਲਿਆਈ ਅਤੇ ਕਿਰਪਾ ਦੇ ਕਾਰਣ।

*ਸਿੱਟਾ।* ਜਦੋਂ ਪਰਮੇਸ਼ੁਰ ਨੇ ਪੁਸਤਕ ਨੂੰ ਲਿਖਣ ਦੀ ਪ੍ਰੇਰਣਾ ਦਿੱਤੀ, ਉਹ ਚਾਹੁੰਦਾ ਸੀ ਕਿ ਉਸ ਦੀ ਪਰਜਾ ਉਸ ਦੇ ਬਾਰੇ ਜਾਣੇ। ਸਾਨੂੰ ਵੀ ਇਹ ਜਾਣਨ ਦੀ ਲੋੜ ਹੈ ਕਿ ਪਰਮੇਸ਼ੁਰ ਕਿਸ ਤਰ੍ਹਾਂ ਦਾ ਹੈ। ਗਿਣਤੀ ਦੀ ਪੁਸਤਕ ਸਿਰਫ਼ ਇਸਰਾਏਲ ਦੇ ਬਾਰੇ ਨਹੀਂ ਹੈ; ਇਹ ਪੁਸਤਕ ਪਰਮੇਸ਼ੁਰ ਦੇ ਬਾਰੇ ਹੈ! ਇਹ ਸਾਨੂੰ ਵਿਖਾਉਂਦੀ ਹੈ ਕਿ ਅਸੀਂ ਪਾਪ ਕਰਕੇ ਉਸ ਪਾਪ ਦੇ ਨਤੀਜਿਆਂ ਤੋਂ ਨਹੀਂ ਬਚ ਸਕਦੇ: ਪਰਮੇਸ਼ੁਰ ਪਾਪ ਨੂੰ ਸਜ਼ਾ ਦਿੰਦਾ ਹੈ। ਮਾਫ਼ ਨਾ ਕੀਤੇ ਗਏ ਪਾਪੀ ਲੋਕ ਉਨ੍ਹਾਂ ਦੇ ਪਾਪ ਦੇ ਕਾਰਣ ਮਰਦੇ ਹਨ।

ਆਓ ਅਸੀਂ ਪਰਮੇਸ਼ੁਰ ਦੀ ਭਲਿਆਈ ਦੇ ਲਈ ਉਸ ਦਾ ਧੰਨਵਾਦ ਕਰੀਏ, ਉਨ੍ਹਾਂ ਸਾਰੀਆਂ ਚੰਗੀਆਂ ਵਸਤਾਂ ਦੇ ਲਈ ਜੋ ਪਰਮੇਸ਼ੁਰ ਸਾਨੂੰ ਦਿੰਦਾ ਹੈ ਅਤੇ ਉਨ੍ਹਾਂ ਕੰਮਾਂ ਦੇ ਲਈ ਜੋ ਉਹ ਸਾਡੇ ਲਈ ਕਰਦਾ ਹੈ। ਆਓ ਅਸੀਂ ਪਰਮੇਸ਼ੁਰ ਦੀ ਕਿਰਪਾ ਦੇ ਲਈ ਉਸ ਦਾ ਧੰਨਵਾਦ ਕਰੀਏ। ਪਰਮੇਸ਼ੁਰ ਸਾਨੂੰ ਉਹ ਨਹੀਂ ਦਿੰਦਾ ਜਿਸ ਦੇ ਅਸੀਂ ਹੱਕਦਾਰ ਹਾਂ, ਪਰ ਸਾਨੂੰ ਬਹੁਤ ਜ਼ਿਆਦਾ ਬਰਕਤ ਦਿੰਦਾ ਹੈ ਜਦੋਂ ਅਸੀਂ ਉਸ ਦੀ ਆਗਿਆ ਦਾ ਪਾਲਣ ਕਰਦੇ ਹਾਂ। ਉਹ ਸਾਨੂੰ ਬਚਾਉਂਦਾ ਹੈ, ਭਾਵੇਂ ਕਿ ਅਸੀਂ ਪਾਪੀ ਹਾਂ, ਜਦੋਂ ਅਸੀਂ ਮੁਕਤੀ ਦੇ ਲਈ ਉਸ ਦੇ ਵਚਨ ਵਿਚ ਦੱਸੇ ਗਏ ਤਰੀਕੇ ਨਾਲ ਉਸ ਦੀ ਵੱਲ ਮੁੜਦੇ ਹਾਂ। ਆਓ ਅਸੀਂ ਉਸ ਦੀ ਮਹਾਨਤਾ ਦੇ ਲਈ ਉਸ ਦਾ ਧੰਨਵਾਦ ਕਰੀਏ: ਪਰਮੇਸ਼ੁਰ ਉਹ ਸਭ ਕੁਝ ਪੂਰਾ ਕਰਨ ਸਕਦਾ ਅਤੇ ਕਰੇਗਾ ਜੋ ਉਸ ਨੇ ਕਰਨਾ ਸ਼ੁਰੂ ਕੀਤਾ ਹੈ। ਉਸ ਦੇ ਲਈ ਕੋਈ ਵੀ ਕੰਮ ਮੁਸ਼ਕਲ ਨਹੀਂ ਹੈ! ਉਹ ਬੁਰੇ ਹਾਲਾਤਾਂ ਵਿੱਚੋਂ ਬਰਕਤਾਂ ਨੂੰ ਪੈਦਾ ਕਰ ਸਕਦਾ ਹੈ। ਉਹ ਉਨ੍ਹਾਂ ਤਰੀਕਿਆਂ ਨਾਲ ਸਾਡੀ ਮਦਦ ਕਰ ਸਕਦਾ ਹੈ ਜਿਨ੍ਹਾਂ ਦੀ ਅਸੀਂ ਕਦੇ ਉਮੀਦ ਵੀ ਨਹੀਂ ਕਰਦੇ। ਆਓ ਅਸੀਂ ਉਸ ਦੇ ਅੱਗੇ ਸਿਰ ਨਿਵਾਈਏ ਅਤੇ ਆਗਿਆਕਾਰੀ ਵਿਚ ਹਲੀਮੀ ਨਾਲ ਉਸ ਦੇ ਵੱਲ ਮੁੜੀਏ ਤਾਂ ਜੋ - ਭਾਵੇਂ ਕਿ ਅਸੀਂ ਇਸ ਦੇ ਹੱਕਦਾਰ ਨਹੀਂ ਹਾਂ - ਅਸੀਂ ਬਚਾਏ ਜਾ ਸਕੀਏ!

---

ਟਿੱਪਣੀਆਂ

[1]ਡਬਲਿਯੂ. ਐਚ. ਬੈਲਿੰਗਰ, ਜੂਨੀਅਰ, *ਲੇਵੀਆਂ ਦੀ ਪੋਥੀ, ਗਿਣਤੀ*, ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮਾਸਾਚੁਸੈਟਸ: ਹੈਂਡਰਿਕਸਨ ਪਬਲਿਸ਼ਰਜ਼, 2001), 169. [2]"ਉਦਾਰਵਾਦੀ" ਸ਼ਬਦ ਆਮ ਤੌਰ ਤੇ ਉਨ੍ਹਾਂ ਵਿਦਵਾਨਾਂ ਦੇ ਲਈ ਇਕ ਵਰਣਨਾਤਮਕ ਸ਼ਬਦ ਦੇ ਰੂਪ ਵਿਚ ਵਰਤਿਆ ਜਾਂਦਾ ਹੈ ਜਿਹੜੇ ਬਾਈਬਲ ਦੀ ਮੌਖਿਕ ਪ੍ਰੇਰਣਾ ਨੂੰ ਸਵੀਕਾਰ ਨਹੀਂ ਕਰਦੇ। ਜਿਵੇਂ ਕਿ, ਇਹ ਆਲੋਚਕ ਬਾਈਬਲ ਦੀ ਕਹਾਣੀ ਦੇ ਚਮਤਕਾਰੀ ਪਹਿਲੂ ਨੂੰ ਰੱਦ ਕਰਦੇ ਹਨ। [3]ਦਸਤਾਵੇਜ਼ੀ ਧਾਰਣਾ ਦੀ ਚਰਚਾ ਦੇ ਲਈ, ਕੋਏ ਰੋਪਰ ਦੀ ਪੁਸਤਕ *ਕੂਚ*, ਟਰੁੱਥ ਫ਼ਾਰ ਟੂਡੇ ਕਮੈਂਟਰੀ (ਸਰਸੀ, ਆਰਕੈਨਸਸ: ਰੀਸੋਰਸ ਪਬਲੀਕੇਸ਼ਨਜ਼, 2008) ਦੇ ਸਫ਼ੇ 651-55 ਵੇਖੋ। [4]ਅਜਿਹੀ ਵੰਡ ਹਾਰਵੇ ਐਚ. ਗੁਥਰੀ, ਜੂਨੀਅਰ ਦੀ ਪੁਸਤਕ *ਦਿ ਇੰਟਰਪਰਿਟਰਸ ਵਨ-ਵੋਲਿਉਮ ਕਮੈਂਟਰੀ ਆਨ ਦ ਬਾਈਬਲ*, ਸੋਧ. ਚਾਰਲਸ ਐਮ. ਲੇਅਮੋਨ (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1971) ਵਿਚ ਸਫ਼ਾ 85 ਤੇ "ਦ ਬੁਕ ਆਫ਼ ਗਿਣਤੀ" ਵਿਚ ਕੀਤੀ ਗਈ ਹੈ। [5]ਗੋਰਡਨ ਜੇ. ਵੈਨਹਮ, *ਗਿਣਤੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981), 21-23. [6]ਉਸੇ ਸਥਾਨ ਤੇ, 24; ਜੇਮਸ ਬਰਟਨ ਕੋਫਮੈਨ, *ਕਮੈਂਟਰੀ ਆਨ ਲੇਵੀਆਂ ਦੀ ਪੋਥੀ ਐਂਡ ਗਿਣਤੀ: ਦ ਥਰਡ ਐਂਡ ਫੋਰਥ ਬੁਕਸ ਆਫ਼ ਮੋਜਜ* (ਐਬੀਲੀਨ, ਟੈਕਸਾਸ: ਏ.ਸੀ.ਯੂ. ਪ੍ਰੈਸ, 1987), 266-69. [7]ਰੋਪਰ, 656-59. [8]ਜੇਕਬ ਮਿਲਗਰੋਮ ਨੇ ਪੁਸਤਕ ਦੇ ਵਿਚ ਚੌਦਾਂ ਵੱਖ-ਵੱਖ ਸ਼ੈਲੀਆਂ ਨੂੰ ਪਛਾਣਿਆ। (ਜੇਕਬ ਮਿਲਗਰੋਮ, *ਗਿਣਤੀ*, ਦ ਜੇਪੀਐਸ ਟੋਰਾਹ ਕਮੈਂਟਰੀ [ਫਿਲਾਡੈਲਫੀਆ: ਜਿਊਇਸ਼ ਪਬਲੀਕੇਸ਼ਨ ਸੋਸਾਇਟੀ, 1990], xiii.) [9]ਜਦ ਕਿ ਕੁਝ ਗੋਤਾਂ ਦੀ ਗਿਣਤੀ ਘੱਟ ਗਈ, ਜਦ ਕਿ ਬਾਕੀਆਂ ਦੀ ਗਿਣਤੀ ਵੱਧ ਗਈ। ਕੁਝ ਟਿੱਪਣੀਕਾਰ ਟਿੱਪਣੀ ਕਰਦੇ ਹਨ ਕਿ ਇਸਰਾਏਲੀ ਜਦੋਂ ਸੀਨਈ ਤੋਂ ਨਿੱਕਲੇ ਉਹ (ਲਗਭਗ) ਚਾਲੀ ਵਰਿਹਾਂ ਦੌਰਾਨ ਵਧਦੇ ਨਹੀਂ ਗਏ, ਪਰ ਇਹ ਜ਼ਿਆਦਾ ਮਹੱਤਵਪੂਰਣ ਪ੍ਰਤੀਤ ਹੁੰਦਾ ਹੈ - ਉਜਾੜ ਵਿਚ ਬਚਣ ਦੀ ਮੁਸ਼ਕਲ ਦੇ ਚਾਨਣ ਵਿਚ - ਕਿ

ਉਨ੍ਹਾਂ ਨੇ ਆਪਣੇ ਆਕਾਰ ਅਤੇ ਗਿਣਤੀ ਨੂੰ ਬਰਕਰਾਰ ਰੱਖਿਆ। [10]ਰੋਨਲਡ ਬੀ. ਐਲਨ ਦੀ ਪੁਸਤਕ *ਦਿ ਇਕਸਪੋਜੀਟਰਸ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਗਿਣਤੀ*, ਸੰਪਾ. ਫਰੈਂਕ ਈ. ਗਾਬੀਲਿਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1990) ਵਿਚ ਸਫ਼ਾ 670 ਤੇ "ਗਿਣਤੀ" ਹੈ।

[11]ਉਸੇ ਸਥਾਨ ਤੇ, 668-69. [12]ਕੌਫਮੈਨ, 265-66; ਐਡਮ ਕਲਾਰਕ ਦੀ ਪੁਸਤਕ *ਦ ਹੋਲੀ ਬਾਈਬਲ ਵਿਦ ਏ ਕਮੈਂਟਰੀ ਐਂਡ ਕ੍ਰਿਟੀਕਲ ਨੋਟਸ*, ਜਿਲਦ 1, *ਉਤਪਤ-ਬਿਵਸਥਾ ਸਾਰ* (ਨੈਸ਼ਵਿਲੇ: ਅਬਿੰਗਡਨ ਪ੍ਰੈਸ, ਮਿਤੀ ਉਪਲਬਧ ਨਹੀਂ ਹੈ) ਦਾ ਸਫ਼ਾ 721 ਵੇਖੋ। [13]ਡੈਨਿਸ ਟੀ. ਓਲਸਨ ਦੀ ਪੁਸਤਕ *ਡਿਕਸ਼ਨਰੀ ਆਫ਼ ਦਿ ਓਲਡ ਟੈਸਟਾਮੈਂਟ: ਪੈਂਟਾਟੂਕ*, ਸੋਧ, ਟੀ. ਡੈਸਮੰਡ ਐਲਗਜੰਡਰ ਅਤੇ ਡੇਵਿਡ ਡਬਲਿਯੂ. ਬੇਕਰ (ਡਾਊਨਰਸ ਗਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 2003) ਵਿਚ ਸਫ਼ਾ 614 ਤੇ "ਗਿਣਤੀ" ਹੈ। [14]ਡੈਨਿਸ ਟੀ. ਓਲਸਨ, *ਦ ਡੈਥ ਆਫ਼ ਦਿ ਓਲਡ ਐਂਡ ਦ ਬਰਥ ਆਫ਼ ਦ ਨਿਊ: ਦ ਫਰੇਮਵਰਕ ਆਫ਼ ਦ ਬੁਕ ਆਫ਼ ਗਿਣਤੀ ਐਂਡ ਦ ਪੈਂਟਾਟੂਕ*, ਬਰਾਊਨ ਜੂਡਾਇਕ ਸਟੱਡੀਜ਼, ਜਿਲਦ 71 (ਚੀਕੋ, ਕੈਲੀਫੋਰਨੀਆ: ਸਕੋਲਰਸ ਪ੍ਰੈਸ, 1985)।